# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੫: ਤੱਤਵ-ਗਿਆਨ (ਇਲਮ ਦਾ ਸਤ)

'ਤੱਤਵ-ਗਿਆਨ', 'ਇਲਮ ਦਾ ਸਤ' ਬਰੇ-ਸਗੀਰ ਦੀਆ ਫ਼ਲਸਫ਼ੀ ਰੀਤਾਂ ਦੇ ਗਿਆਨਵਾਨ ਧਾਰਨੀ ਦੀਆਂ ਸੋਚਾਂ ਦੀ ਅੰਮ੍ਰਿਤਧਾਰਾ। ਗੁਰੂ ਨਾਨਕ ਕਨਫਟੇ ਜੋਗੀਆਂ ਨਾਲ 'ਗੋਰਖਮੱਤਾ' ਵਿੱਚ ਗੂੜ੍ਹ ਗਿਆਨ ਦਾ ਗੋਸ਼ਟਿ ਰਚਾ ਰਹੇ ਹਨ।

ਛਿਅ ਘਰ ਛਿਅ ਗੁਰ ਛਿਅ ਉਪਦੇਸ॥
ਗੁਰ ਗੁਰੁ ਏਕੋ ਵੇਸ ਅਨੇਕ॥
ਜੈ ਘਰਿ ਕਰਤੇ ਕੀਰਤਿ ਹੋਇ॥
ਸੋ ਘਰੁ ਰਾਖੁ ਵਡਾਈ ਤੋਹਿ॥
(ਰਾਗ ਆਸਾ, ਗੁਰੂ ਨਾਨਕ)

ਬਰੇ-ਸਗੀਰ ਦੀਆ ਫ਼ਲਸਫ਼ੀ ਰੀਤਾਂ ਦੇ ਛੇ ਘਰਾਂ ਤੋਂ ਛੇ ਗੁਰੂਆਂ ਨੇ ਛੇ ਉਪਦੇਸ਼ ਦਿੱਤੇ
ਪਰ ਸਭ ਗੁਰੂਆਂ ਦੀ ਇੱਕੋ ਇਲਾਹੀ ਜੋਤ ਹੈ ਜੋ ਅਨੇਕਾਂ ਵੇਸਾਂ ਵਿੱਚ ਬਹੁੜਦੀ ਹੈ।
ਜਿਸ ਘਰ ਵਿੱਚ ਕਰਤਾ ਦੀ ਕੀਰਤੀ ਹੈ
ਉਸੇ ਵਿੱਚ ਕਰਤਾ ਦੀ ਵਡਿਆਈ ਹੈ।
(ਰਾਗ ਆਸਾ, ਗੁਰੂ ਨਾਨਕ)

ਇਤਿਹਾਸਕ ਪੱਖੋਂ ਬਰੇ-ਸਗੀਰ ਦੇ ਸੱਭਿਆਚਾਰ ਦੀ ਨਿਰਾਲੀ ਤਾਕਤ ਖੁੱਲ੍ਹ-ਦਿਲੀ ਨਾਲ ਵਿਚਾਰ-ਚਰਚਾ ਅਤੇ ਵੰਨ-ਸਵੰਨੇ ਫ਼ਲਸਫ਼ੇ ਨੂੰ ਆਪਣੇ ਵਿੱਚ ਸਮਾ ਲੈਣਾ ਹੈ। ਗੁਰੂ ਨਾਨਕ ਦਾ ਬਰੇ-ਸਗੀਰ ਦੇ ਫ਼ਲਸਫ਼ੇ ਦੀਆਂ ਛੇ ਧਾਰਾਵਾਂ-ਸਾਂਖਿਆ, ਯੋਗ, ਨਿਆਏ, ਵੈਸਸਿਕਾ, ਮੀਮਾਂਸਾ ਅਤੇ ਵੇਦਾਂਤ ਨੂੰ ਤਸਲੀਮ ਕਰਨਾ ਦਰਸਾਉਂਦਾ ਹੈ ਕਿ ਉਹ ਸੋਚ ਦੀ ਆਜ਼ਾਦੀ ਦੇ ਕਦਰਦਾਨ ਸਨ। ਉਹ ਆਪ ਵਹਿਦਤ ਦੇ ਨਜ਼ਰੀਏ ਨੂੰ ਉੱਤਮ ਮੰਨਦੇ ਸਨ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਹਰਿਦਵਾਰ ਤੋਂ ਕੋਟਦਵਾਰ, ਸ਼੍ਰੀਨਗਰ, ਕੇਦਾਰਨਾਥ, ਬਦਰੀਨਾਥ ਅਤੇ ਰੀਠਾ ਸਾਹਿਬ ਰਾਹੀਂ ਨਾਨਕਮਤਾ ਦਾ ਸਫ਼ਰ ਕੀਤਾ। ਸਭ ਤੋਂ ਪਹਿਲਾਂ ਉਹ ਕੋਟਦਵਾਰ ਗਏ।

ਹਰਿਦਵਾਰ ਸ਼ਹਿਰ ਨੂੰ ਰੱਬ ਦਾ ਬੂਹਾ ਮੰਨਿਆ ਜਾਂਦਾ ਹੈ ਕਿਉਂਕਿ ਇਹ ਹਿਮਾਲਿਆ ਪਹਾੜਾਂ ਦੇ ਪੈਰਾਂ ਵਿੱਚ ਵਸਿਆ ਹੋਇਆ ਹੈ ਜਿਸ ਦਾ ਜ਼ਿਕਰ ਪੁਰਾਣਿਕ ਕਹਾਣੀਆਂ ਵਿੱਚ ਆਉਂਦਾ ਹੈ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਹਰਿਦਵਾਰ ਤੋਂ ਕੋਟਦਵਾਰ ਜਾ ਰਹੇ ਹਾਂ।

**ਅਮਰਦੀਪ ਸਿੰਘ:** ਕੋਹ ਨਦੀ ਦੇ ਕੰਢੇ, ਕੋਟਦਵਾਰ, ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਵੱਸਿਆ ਹੈ। ਪੌੜੀ ਦਾ ਪਹਾੜੀ ਇਲਾਕਾ ਸ਼ੁਰੂ ਹੋਣ ਤੋਂ ਪਹਿਲਾਂ ਇਹ ਆਖ਼ਰੀ ਕਸਬਾ ਹੈ।

ਕੋਟਦਵਾਰ ਵਿੱਚ ਅਸੀਂ ਪਹਾੜ ਦੇ ਸਿਖ਼ਰ ਉੱਤੇ ਬਣੇ ਸਿੱਧਬਲੀ ਮੰਦਿਰ ਜਾ ਰਹੇ ਹਾਂ। ਗੁਰੂ ਨਾਨਕ ਦੇ ਵੇਲੇ ਇਹ 'ਨਾਥ ਪੰਥੀ' ਸੰਪਰਦਾਇ ਦੀ ਇਬਾਦਤ ਦਾ ਅਸਥਾਨ ਸੀ ਜੋ ਦਸਵੀਂ ਸਦੀ ਦੇ ਰੂਹਾਨੀ ਰਹਿਬਰ ਗੁਰੂ ਗੋਰਖਨਾਥ ਦੇ ਪੈਰੋਕਾਰ ਸਨ। ਉਸ ਵੇਲੇ ਇਸ ਸੰਪਰਦਾਇ ਦੀ ਮਾਨਤਾ ਇੰਡੀਆ, ਨੇਪਾਲ, ਪਾਕਿਸਤਾਨ ਅਤੇ ਅਫ਼ਗਾਨਿਸਤਾਨ ਤੱਕ ਫੈਲੀ ਹੋਈ ਸੀ। ਉਨ੍ਹਾਂ ਨੂੰ 'ਜੋਗੀ' ਵੀ ਕਹਿੰਦੇ ਸਨ ਅਤੇ 'ਸਿੱਧ' ਵੀ। ਉਨ੍ਹਾਂ ਵਿੱਚ ਕੁਝ ਨੇ ਕੰਨ ਵਿੰਨ੍ਹਾ ਕੇ ਮੁੰਦਰਾਂ ਪਾਈਆਂ ਹੋਈਆਂ ਸਨ ਜਿਸ ਕਾਰਨ ਉਨ੍ਹਾਂ ਨੂੰ 'ਕੰਨਫਟੇ' ਵੀ ਕਿਹਾ ਜਾਂਦਾ ਸੀ।

ਗੁਰੂ ਗੋਰਖਨਾਥ ਅਤੇ ਉਨ੍ਹਾਂ ਦੇ ਪੇਸ਼ਰੂ ਗੁਰੂ ਮਤਸੇਯੰਦਰਨਾਥ ਦਾ ਵੇਲਾ ਗੁਰੂ ਨਾਨਕ ਤੋਂ ਬਹੁਤ ਪਹਿਲਾਂ ਸੀ। ਇਤਿਹਾਸਕ 'ਜਨਮਸਾਖੀਆਂ' ਦੀਆਂ ਕਲਾ ਕਿਰਤਾਂ ਵਿੱਚ ਗੁਰੂ ਨਾਨਕ ਨੂੰ ਆਮ ਤੌਰ ਉੱਤੇ ਇਨ੍ਹਾਂ ਦੋਵਾਂ ਨਾਲ ਸੰਵਾਦ ਕਰਦਿਆਂ ਦਿਖਾਇਆ ਜਾਂਦਾ ਹੈ। ਦਰਅਸਲ ਇਹ ਕਲਾ ਕਿਰਤਾਂ ਗੁਰੂ ਨਾਨਕ ਅਤੇ 'ਕੰਨਫਟੇ ਜੋਗੀ' ਸੰਪਰਦਾਇ ਦੀਆਂ ਬਾਦ ਦੀਆਂ ਪੀੜ੍ਹੀਆਂ ਨਾਲ ਸੰਵਾਦ ਦਰਸਾਂਦੀਆ ਹਨ।

ਸਿੱਧੀਆਂ ਨਾਲ ਵਰੋਸਾਏ ਅਤੇ ਜੋਗ ਦੀਆਂ ਬੰਦਿਸ਼ਾਂ ਵਿੱਚ ਬੰਨ੍ਹੇ ਨਾਥ ਪੰਥੀ ਹਉਮੈਂ ਦਾ ਸ਼ਿਕਾਰ ਸਨ। ਉਨ੍ਹਾਂ ਦੇ ਇਸ ਵਿਹਾਰ ਨੂੰ ਵੇਖ ਕੇ ਗੁਰੂ ਨਾਨਕ ਨੇ ਗਾਇਆ,

ਸੋ ਜੋਗੀ ਜੋ ਜੁਗਤਿ ਪਛਾਣੈ॥
ਗੁਰ ਪਰਸਾਦੀ ਏਕੋ ਜਾਣੈ॥
(ਰਾਗ ਧਨਾਸਰੀ, ਗੁਰੂ ਨਾਨਕ)

ਕੋਈ ਸੱਚਾ ਜੋਗੀ ਹੀ ਏਕੇ ਦਾ ਮੂਲ ਪਛਾਣ ਸਕਦਾ ਹੈ।
ਵਿਵੇਕ ਦੇ ਵਰੋਸਾਏ ਮਨੁੱਖ ਨੂੰ ਹੀ ਵਹਿਦਤ ਦੀ ਸਮਝ ਪੈਂਦੀ ਹੈ।
(ਰਾਗ ਧਨਾਸਰੀ, ਗੁਰੂ ਨਾਨਕ)

ਗਿਆਨ ਦੀ ਪ੍ਰਾਪਤੀ ਨਾਲ ਮਨੁੱਖ ਨੂੰ ਹੰਕਾਰੀ ਨਹੀਂ ਸਗੋਂ ਨਿਮਾਣਾ ਹੋਣਾ ਚਾਹੀਦਾ ਹੈ।

ਤਾਰਾ ਸਿੰਘ ਨਰੋਤਮ ਨੇ ੧੮੮੪ ਵਿੱਚ ਛਪੀ ਆਪਣੀ ਕਿਤਾਬ 'ਗੁਰ ਤੀਰਥ ਸੰਗ੍ਰਹਿ' ਵਿੱਚ ਕੋਟਦਵਾਰ ਵਿਖੇ ਗੁਰੂ ਨਾਨਕ ਦੀ ਆਮਦ ਦੀ ਯਾਦ ਵਿੱਚ ਬਣੇ ਗੁਰਦਵਾਰਾ ਚਰਨਪਾਦਕਾ ਦਾ ਜ਼ਿਕਰ ਕੀਤਾ ਹੈ। ਹੁਣ ਇੱਥੇ ਅਜਿਹਾ ਕੋਈ ਅਸਥਾਨ ਨਹੀਂ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕੋਟਦਵਾਰ ਤੋਂ ਅਲਕਨੰਦਾ ਨਦੀ ਦੇ ਕੰਢੇ-ਕੰਢੇ ਸ਼੍ਰੀਨਗਰ ਦਾ ਸਫ਼ਰ ਕੀਤਾ।

ਹੁਣ ਅਸੀਂ ਹਿਮਾਲਿਆ ਪਹਾੜਾਂ ਵਿੱਚੋਂ ਪੌੜੀ ਗੜਵਾਲ ਦੇ ਸ਼ਹਿਰ ਸ਼੍ਰੀਨਗਰ ਜਾ ਰਹੇ ਹਾਂ।

**ਅਮਰਦੀਪ ਸਿੰਘ:** ਗੁਰ ਤੀਰਥ ਸੰਗ੍ਰਹਿ', ਤਾਰਾ ਸਿੰਘ ਨਰੋਤਮ ਦੀ ਲਿਖਤ ਕਿਤਾਬ ਮੁਤਾਬਕ ਗੁਰੂ ਨਾਨਕ ਦੀ ਸ਼੍ਰੀਨਗਰ ਆਮਦ ਦੀ ਯਾਦ ਵਿੱਚ ਗੁਰਦਵਾਰਾ ਚਰਨਪਾਦਕਾ ਬਣਿਆ ਸੀ। ਉਹ ਗੁਰਦਵਾਰਾ ੧੯੦੩ ਦੇ ਹੜ੍ਹਾਂ ਵਿੱਚ ਵਹਿ ਗਿਆ ਸੀ। ਹੁਣ ਉਸ ਇਤਿਹਾਸਕ ਅਸਥਾਨ ਦੀ ਕੋਈ ਨਿਸ਼ਾਨੀ ਨਹੀਂ ਮਿਲਦੀ।

ਸ਼੍ਰੀਨਗਰ ਤੋਂ ਤੁਰਨ ਵੇਲੇ ਮੈਂ ਵਿਗਾਸ ਅਤੇ ਵਿਨਾਸ ਦੀ ਸਦਾ ਵਰਤਦੀ ਕਲਾ ਬਾਰੇ ਸੋਚ ਰਿਹਾ ਹਾਂ। ਤਬਾਹੀ ਦੇ ਹਰ ਕਾਰਜ ਵਿੱਚ ਤਾਮੀਰੀ ਦਾ ਕਾਰਜ ਹੋ ਰਿਹਾ ਹੈ।

ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ॥
(ਸਿਰੀ ਰਾਗ, ਗੁਰੂ ਨਾਨਕ)

ਜਿਸ ਤੋਂ ਵਿਗਾਸ ਹੋਣਾ ਹੈ, ਉਸੇ ਵਿੱਚ ਵਿਨਾਸ ਹੋਣਾ ਹੈ। ਪਰ ਸੱਚ ਹਰ ਪਲ ਅਤੇ ਹਰ ਕਣ ਵਿੱਚ ਵਰਤ ਰਿਹਾ ਹੈ।
(ਸਿਰੀ ਰਾਗ, ਗੁਰੂ ਨਾਨਕ)

ਹੋਂਦ ਦਾ ਖ਼ਾਸਾ ਹੀ ਦਵੈਤ ਦੇ ਚੱਕਰ ਵਿੱਚ ਸਮਾ ਜਾਣਾ ਅਤੇ ਹੋਣੀ ਨੂੰ ਕਬੂਲ ਕਰਨਾ ਹੈ। ਇਹੋ ਵਿਗਾਸ ਅਤੇ ਵਿਨਾਸ ਦੀ ਖੇਡ ਹੈ। ਵਿਨਾਸ ਵਿੱਚ ਵਿਗਾਸ ਦਾ ਵਾਸਾ ਹੈ ਅਤੇ ਵਿਗਾਸ ਵਿੱਚ ਵਿਨਾਸ ਦਾ ਡੇਰਾ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਸ਼੍ਰੀਨਗਰ ਦੇ ਪਹਾੜਾਂ ਤੋਂ ਕੇਦਾਰਨਾਥ ਦੀ ਵਾਦੀ ਪਹੁੰਚੇ।

ਅਸੀਂ ਮੰਦਾਕਿਨੀ ਨਦੀ ਦੇ ਕਿਨਾਰੇ ਕੇਦਾਰਨਾਥ ਦੀ ਵਾਦੀ ਜਾਣ ਲਈ ਪਹਾੜ ਚੜ੍ਹ ਰਹੇ ਹਾਂ।

ਬੇਇੰਤਹਾ ਠੰਢ ਕਾਰਨ ਕੇਦਾਰਨਾਥ ਵਾਦੀ ਦਾ ਰਾਹ ਛੇ ਮਹੀਨੇ ਲਈ ਖੁੱਲ੍ਹਦਾ ਹੈ। ਇਸ ਵਾਦੀ ਵਿੱਚ ਪਹੁੰਚਣ ਲਈ ਖ਼ੂਬਸੂਰਤ ਕੁਦਰਤੀ ਨਜ਼ਾਰਿਆਂ ਵਿੱਚੋਂ ੭-੮ ਘੰਟੇ ਦੀ ਖੜੀ ਚੜ੍ਹਾਈ ਚੜ੍ਹਨੀ ਪੈਂਦੀ ਹੈ। ਹਿੰਦੂ ਧਰਮ ਦੇ ਉੱਚੀਆਂ ਪਹਾੜੀਆਂ ਵਾਲੇ ਚਾਰ ਤੀਰਥਾਂ ਵਿੱਚ ਕੇਦਾਰਨਾਥ ਸ਼ਾਮਿਲ ਹੈ। ਬਾਕੀ ਤਿੰਨ ਜਮਨੋਤਰੀ, ਗੰਗੋਤਰੀ ਅਤੇ ਬਦਰੀਨਾਥ ਹਨ। ਕਿਹਾ ਜਾਂਦਾ ਹੈ ਕਿ 'ਮਹਾਂਭਾਰਤ' ਦੀ ਲੜਾਈ ਜਿੱਤਣ ਵਾਲੇ ਪੰਜੇ ਪਾਂਡਵ ਭਰਾ ਭਗਵਾਨ ਸ਼ਿਵ ਤੋਂ ਖਿਮਾ ਜਾਚਨਾ ਲਈ ਕੇਦਾਰਨਾਥ ਆਏ ਸਨ। ਇਸੇ ਕਾਰਨ ਯਾਤਰੀ ਤਮਾਮ ਮੁਸ਼ਕਲਾਂ ਦੇ ਬਾਵਜੂਦ ਕੇਦਾਰਨਾਥ ਵਿੱਚ ਖਿਮਾ ਜਾਚਨਾ ਲਈ ਆਉਂਦੇ ਹਨ ਤਾਂ ਜੋ ਉਨ੍ਹਾਂ ਦੀਆਂ ਰੂਹਾਂ ਰੌਸ਼ਨ ਹੋ ਸਕਣ।

ਕੀ ਤੀਰਥ ਅਸਥਾਨ ਦੀ ਯਾਤਰਾ ਨਾਲ ਹੀ ਖਿਮਾ ਜਾਚਨਾ ਹੋ ਜਾਂਦੀ ਹੈ?

ਜੈਸਾ ਕਰੇ ਸੁ ਤੈਸਾ ਪਾਵੈ॥

ਆਪਿ ਬੀਜਿ ਆਪੇ ਹੀ ਖਾਵੈ॥
(ਰਾਗ ਧਨਾਸਰੀ, ਗੁਰੂ ਨਾਨਕ)

ਅਸੀਂ ਆਪਣੇ ਕੀਤੇ ਦਾ ਫਲ ਪਾਉਂਦੇ ਹਾਂ।
ਜਿਵੇਂ ਅਸੀਂ ਆਪਣੇ ਬੀਜੇ ਦੀ ਫ਼ਸਲ ਲੈਂਦੇ ਹਾਂ।
(ਰਾਗ ਧਨਾਸਰੀ, ਗੁਰੂ ਨਾਨਕ)

ਸਾਡੀ ਮਨਸ਼ਾ ਹੀ ਉਸਾਰੂ ਜਾਂ ਢਾਹੂ ਨਤੀਜਿਆਂ ਵਿੱਚ ਜ਼ਾਹਿਰ ਹੁੰਦੀ ਹੈ। ਗੁਰੂ ਨਾਨਕ ਨੇ ਦੱਸਿਆ ਕਿ ਜਦੋਂ ਮਨੁੱਖ ਆਪਣੇ ਕੀਤੇ ਦਾ ਨਤੀਜਾ ਭੋਗਦਾ ਹੈ ਤਾਂ ਖਿਮਾ ਜਾਚਨਾ ਦਾ ਕਾਰਜ ਵੀ ਮਨੁੱਖੀ ਮਨ ਦੇ ਉਪਰਾਲਿਆਂ ਰਾਹੀਂ ਹੀ ਮੁਕੰਮਲ ਹੁੰਦਾ ਹੈ।

**ਅਮਰਦੀਪ ਸਿੰਘ:** ਅਸੀਂ ਇਸ ਵੇਲੇ ਕੇਦਾਰਨਾਥ ਮੰਦਿਰ ਹਾਂ ਜੋ ੧੧,੭੭੫ ਫੁੱਟ ਦੀ ਉਚਾਈ ਉੱਤੇ ਹੈ। 'ਕੇਦਾਰ' ਦਾ ਮਾਅਨਾ ਹੈ ਖੇਤ, ਅਤੇ 'ਨਾਥ' ਦਾ ਮਤਲਬ ਹੈ ਭਗਵਾਨ। ਇਹ ਵਾਦੀ ਭਗਵਾਨ ਦੇ ਖੇਤਾਂ ਦੀ ਨੁਮਾਇੰਦਗੀ ਕਰਦੀ ਹੈ। ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਵੀ ਇਸ ਵਾਦੀ ਦਾ ਫੇਰਾ ਪਾਇਆ। ਉਨ੍ਹਾਂ ਦੇ ਫੇਰੇ ਦੀ ਕੋਈ ਭੌਤਿਕ ਨਿਸ਼ਾਨੀ ਇੱਥੇ ਨਹੀਂ ਹੈ।

ਕੇਦਾਰਨਾਥ ਭਗਵਾਨ ਸ਼ਿਵ ਦਾ ਮੰਦਿਰ ਹੈ।

ਓਮ ਦਾ ਨਿਸ਼ਾਨ ਹਿੰਦੂ ਧਰਮ ਵਿੱਚ ਤ੍ਰਿਮੂਰਤੀ ਦੀ ਪੇਸ਼ਕਾਰੀ ਹੈ। ਬ੍ਰਹਮਾ ਪੈਦਾ ਕਰਦਾ ਹੈ, ਵਿਸ਼ਨੂ ਸਹਾਰਾ ਦਿੰਦਾ ਹੈ ਅਤੇ ਸ਼ਿਵ ਵਿਨਾਸ ਕਰਦਾ ਹੈ।

ਗੁਰੂ ਨਾਨਕ ਵਹਿਦਤ ਦੀ ਵਕਾਲਤ ਕਰਦੇ ਸਨ। ਉਨ੍ਹਾਂ ਨੇ ਹਾਜ਼ਰਾ-ਹਜ਼ੂਰ ਸਿਰਜਣਹਾਰ ਦੀ ਨੁਮਾਇੰਦਗੀ ਕਰਨ ਲਈ 'ਓਂਕਾਰ' ਦੇ ਅੱਗੇ ਇੱਕ ਲਗਾਇਆ, ਜੋ ਪੈਦਾ ਕਰਦਾ ਹੈ, ਸਹਾਰਾ ਦਿੰਦਾ ਹੈ ਅਤੇ ਵਿਣਾਸ ਕਰਦਾ ਹੈ।

ਸਾਚਾ ਸਚੁ ਸੋਈ ਅਵਰੁ ਨ ਕੋਈ॥
ਜਿਨਿ ਸਿਰਜੀ ਤਿਨ ਹੀ ਫੁਨਿ ਗੋਈ॥
ਜਿਉ ਭਾਵੈ ਤਿਉ ਰਾਖਹੁ ਰਹਣਾ ਤੁਮ ਸਿਉ ਕਿਆ ਮੁਕਰਾਈ ਹੇ॥
(ਰਾਗ ਮਾਰੂ, ਗੁਰੂ ਨਾਨਕ)

ਸਿਰਜਣਾ ਹੀ ਹਕੀਕਤ ਹੈ ਇਸ ਤੋਂ ਬਿਨਾਂ ਦੂਜਾ ਕੋਈ ਨਹੀਂ।
ਇਹ ਜਿਸ ਨੇ ਸਾਜੀ ਹੈ ਉਸੇ ਨੇ ਫ਼ਨਾਹ ਕਰ ਦੇਣੀ ਹੈ।
ਉਸ ਨੇ ਸਭ ਆਪਣੇ ਹੁਕਮ ਵਿੱਚ ਚਲਾਇਆ ਹੈ।
ਉਸ ਨਾਲ ਕੋਈ ਦਲੀਲ ਕੰਮ ਨਹੀਂ ਕਰਦੀ।

(ਰਾਗ ਮਾਰੂ, ਗੁਰੂ ਨਾਨਕ)

ਮਨੁੱਖਾ ਮਨ ਉੱਤੇ ਹੱਦਾਂ ਦਾ ਪਰਦਾ ਪਿਆ ਹੈ ਜਿਸ ਕਾਰਨ ਉਸ ਨੂੰ ਵਹਿਦਤ ਦੇ ਵਸੀਹ ਨਜ਼ਾਰੇ ਨਜ਼ਰ ਨਹੀਂ ਆਉਂਦੇ। ਆਪਣੇ ਵੰਡੀਆਂ ਵਾਲੇ ਨਜ਼ਰੀਏ ਕਾਰਨ ਮਨੁੱਖ ਨੂੰ ਵੰਨ-ਸਵੰਨਤਾ ਦੀ ਏਕਤਾ ਦੀ ਥਾਹ ਨਹੀਂ ਪੈਂਦੀ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕੇਦਾਰਨਾਥ ਤੋਂ ਬਦਰੀਨਾਥ ਨੂੰ ਚਾਲੇ ਪਾ ਦਿੱਤੇ।

ਅਸੀਂ ਹੁਣ ਬਦਰੀਨਾਥ ਜਾ ਰਹੇ ਹਾਂ ਜੋ ਅਲਕਨੰਦਾ ਨਦੀ ਦੇ ਕਿਨਾਰੇ ਹਿਮਾਲਿਆ ਵਿੱਚ ੧੦,੮੦੦ ਫੁੱਟ ਦੀ ਉਚਾਈ ਉੱਤੇ ਆਬਾਦ ਹੈ।

**ਅਮਰਦੀਪ ਸਿੰਘ:** ਬਦਰੀਨਾਥ ਦਾ ਇਹ ਮੰਦਿਰ ਹਿੰਦੂ ਧਰਮ ਦੇ ਵੈਸ਼ਨਵ ਸੰਪ੍ਰਦਾਇ ਦੇ ਸਭ ਤੋਂ ਮੁਕੱਦਸ ਅਸਥਾਨ ਵਿੱਚ ਸ਼ਾਮਿਲ ਹੈ।

ਮੰਨਿਆ ਜਾਂਦਾ ਹੈ ਕਿ ਇਹ ਅਸਥਾਨ ਪਹਿਲਾਂ ਜੈਨ ਧਰਮ ਦੀ ਇਬਾਦਤਗਾਹ ਸੀ ਜਿਸ ਨੂੰ ਦੱਖਣੀ ਭਾਰਤ ਦੇ ਫ਼ਲਸਫ਼ੀ ਆਦਿ ਸ਼ੰਕਰਾਚਾਰਿਆ ਨੇ ਅੱਠਵੀਂ ਸਦੀ ਵਿੱਚ ਹਿੰਦੂ ਤੀਰਥ ਅਸਥਾਨ ਵਿੱਚ ਤਬਦੀਲ ਕੀਤਾ। ਉਸੇ ਵੇਲੇ ਤੋਂ ਇਸ ਅਸਥਾਨ ਦਾ ਮੁੱਖ ਪੁਜਾਰੀ ਕੇਰਲਾ ਦਾ 'ਨਾਮੂਦਰੀ ਬ੍ਰਾਹਮਣ' ਹੁੰਦਾ ਹੈ ਜਿਸ ਨੂੰ 'ਰਾਵਲ' ਕਹਿੰਦੇ ਹਨ।

ਗੁਰੂ ਨਾਨਕ ਨੇ ਦੱਸਿਆ ਕਿ ਤਬਦੀਲੀ ਕੁਦਰਤ ਦਾ ਨੇਮ ਹੈ ਜਿਸ ਦਾ ਭਾਣਾ ਮੰਨਣਾ ਪੈਂਦਾ ਹੈ ਪਰ ਕੁਝ ਬੁਨਿਆਦੀ ਮਨੁੱਖੀ ਕਦਰਾਂ ਸਦੀਵੀ ਹਨ ਅਤੇ ਉਨ੍ਹਾਂ ਨਾਲ ਸਮਝੌਤਾ ਨਹੀਂ ਹੁੰਦਾ।

ਸਭਿ ਜਪ ਸਭਿ ਤਪ ਸਭ ਚਤੁਰਾਈ॥
ਊਝੜਿ ਭਰਮੈ ਰਾਹਿ ਨ ਪਾਈ॥
ਬਿਨੁ ਬੂਝੇ ਕੋ ਥਾਇ ਨ ਪਾਈ॥
ਨਾਮ ਬਿਹੂਣੈ ਮਾਥੇ ਛਾਈ॥
(ਰਾਗ ਆਸਾ, ਗੁਰੂ ਨਾਨਕ)

ਜਪ ਤਪ ਅਤੇ ਚੁਸਤ-ਚਲਾਕੀਆਂ ਦੇ ਬਾਵਜੂਦ ਜਦੋਂ ਮਨੁੱਖ ਨੂੰ ਸੰਸਾ ਹੁੰਦਾ ਹੈ
ਤਾਂ ਉਹ ਉਜਾੜ-ਬੀਆਬਾਨ ਦੀ ਘੁੰਮਣ-ਘੇਰੀ ਵਿੱਚ ਫਸ ਜਾਂਦਾ ਹੈ
ਅਤੇ ਕੋਈ ਰਾਹ ਨਹੀਂ ਮਿਲਦਾ।
ਮਨ ਦੀਆਂ ਰਮਜ਼ਾਂ ਨੂੰ ਬੁਝੇ ਬਿਨਾਂ ਚੈਨ ਨਹੀਂ ਮਿਲਦਾ। ਬੋਧ ਤੋਂ ਸੱਖਣੀ ਬੁੱਧੀ ਭਸਮ ਸਮਾਨ ਹੈ।
(ਰਾਗ ਆਸਾ, ਗੁਰੂ ਨਾਨਕ)

ਵਿਗਾਸ ਸਿਰਜਣਾ ਦਾ ਕੁਦਰਤੀ ਪੰਧ ਹੈ। ਮਨੁੱਖੀ ਮਨ ਦੀਆਂ ਕਮਜ਼ੋਰੀਆਂ ਕਾਰਨ ਮਨੁੱਖ ਇਸ ਹਕੀਕਤ ਨਾਲ ਸਹਿਜ ਨਹੀਂ ਹੋ ਸਕਿਆ। ਜੇ ਮਨ ਨੂੰ ਸਿਹਤਮੰਦ ਕਰਨ ਵਾਲੇ ਗੁਣ ਅਮਲਾਂ ਵਿੱਚ ਨਾ ਹੋਣ ਤਾਂ ਸ਼ਰਧਾ ਦੀ ਹਰ ਵਿਧਾ ਪਿਛਲਪੈਰੀ ਹੈ।

ਬਰੇ-ਸਗੀਰ ਦੇ ਫ਼ਲਸਫ਼ੇ ਮੁਤਾਬਕ ਸਿਰਜਣਾ ਦੇ ਹਰ ਕਣ ਵਿੱਚ 'ਤਮੋ', 'ਰਜੋ' ਅਤੇ 'ਸਤੋ' ਦੇ ਤਿੰਨ ਵਿਸਤਾਰ ਹਨ। 'ਤਮੋ' ਬੇਅਮਲੀ ਹੈ, 'ਰਜੋ' ਅਮਲੀ ਹੈ ਅਤੇ 'ਸਤੋ' ਤਵਾਜ਼ਨ ਹੈ। ਗੁਰੂ ਨਾਨਕ ਨੇ ਇਨ੍ਹਾਂ ਸਭ ਤੋਂ ਪਾਰ ਚੌਥੇ ਵਿਸਤਾਰ 'ਤੁਰੀਆ' ਵਿੱਚ ਜਾਣ ਦੀ ਪ੍ਰੇਰਨਾ ਦਿੱਤੀ ਜਿਸ ਤਹਿਤ ਦਵੈਤ ਖ਼ਤਮ ਹੁੰਦਾ ਹੈ ਅਤੇ ਵਹਿਦਤ ਦਾ ਅਹਿਸਾਸ ਹੁੰਦਾ ਹੈ।

ਤ੍ਰੈ ਵਰਤਾਇ ਚਉਥੈ ਘਰਿ ਵਾਸਾ॥
ਕਾਲ ਬਿਕਾਲ ਕੀਏ ਇਕ ਗ੍ਰਾਸਾ॥
(ਰਾਗ ਮਾਰੂ, ਗੁਰੂ ਨਾਨਕ)

ਇਹ ਜਗਤ ਪਸਾਰਾ ਤਿੰਨ ਘਰਾਂ ਵਿੱਚ ਜ਼ਾਹਿਰ ਹੁੰਦਾ ਹੈ। ਤਸਕੀਨ ਦਾ ਵਾਸਾ ਚੌਥੇ ਘਰ ਹੈ
ਜੋ ਕਾਲ ਅਤੇ ਅਕਾਲ ਦੇ ਘੇਰੇ ਤੋਂ ਬਾਹਰ ਹੈ।
(ਰਾਗ ਮਾਰੂ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਬਦਰੀਨਾਥ ਤੋਂ ਕੁਦਰਤੀ ਨਜ਼ਾਰਿਆਂ ਵਾਲੇ ਪਹਾੜੀ ਜੰਗਲੀ ਰਾਹਾਂ ਉੱਤੇ ਸਫ਼ਰ ਕੀਤਾ ਅਤੇ ਉਸ ਅਸਥਾਨ ਉੱਤੇ ਪਹੁੰਚੇ ਜਿਸ ਨੂੰ ਹੁਣ ਰੀਠਾ ਸਾਹਿਬ ਕਹਿੰਦੇ ਹਨ।

ਅਸੀਂ ਪਹਾੜਾਂ ਦੇ ਨਾਲ-ਨਾਲ ਹੁਣ ਬਦਰੀਨਾਥ ਤੋਂ ਰੀਠਾ ਸਾਹਿਬ ਜਾ ਰਹੇ ਹਾਂ।

**ਅਮਰਦੀਪ ਸਿੰਘ:** ਰੀਠਾ ਪਿੰਡ ਨੇਪਾਲ ਦੀ ਸਰਹੱਦ ਨਾਲ ਚੰਪਾਵਤ ਇਲਾਕੇ ਵਿੱਚ ਹਿਮਾਲਿਆ ਦੀਆਂ ਉੱਚੀਆਂ ਪਹਾੜੀਆਂ ਵਿੱਚ ਵੱਸਿਆ ਹੋਇਆ ਹੈ।

ਸੋਲ੍ਹਵੀਂ ਸਦੀ ਵਿੱਚ ਇਸ ਪਹਾੜੀ ਇਲਾਕੇ ਦੇ ਲੋਕਾਂ ਉੱਤੇ ਨਾਥ ਜੋਗੀਆਂ ਦਾ ਬਹੁਤ ਅਸਰ ਸੀ ਜੋ ਗੁਰੂ ਗੋਰਖਨਾਥ ਦੇ ਪੈਰੋਕਾਰ ਸਨ। ਉਨ੍ਹਾਂ ਦਾ ਭਾਰਤੀ ਮਹਾਂਦੀਪ ਵਿੱਚ ਚੋਖਾ ਅਸਰ ਸੀ ਕਿਉਂਕਿ ਗੁਰੂ ਗੋਰਖਨਾਥ ਉਸ ਦੌਰ ਦੇ ਸਭ ਤੋਂ ਜ਼ਿਆਦਾ ਮਾਨਤਾ ਵਾਲੇ ਸੰਤਾਂ ਵਿੱਚ ਸ਼ੁਮਾਰ ਸਨ। ਲੋਧੀਆ ਅਤੇ ਰਤੀਆ ਨਦੀਆਂ ਦੇ ਸੰਗਮ ਉੱਤੇ ਇਹ ਸ਼ਾਂਤ ਅਸਥਾਨ 'ਨਾਥ ਜੋਗੀਆਂ' ਦਾ ਡੇਰਾ ਸੀ। ਤਿਆਗੀਆਂ ਵਾਲੀ ਜ਼ਿੰਦਗੀ ਜਿਊਂਦੇ ਹੋਏ ਨਾਥ ਜੋਗੀ ਰੂਹਾਨੀਅਤ ਦੇ ਗੂੜ੍ਹ ਗਿਆਨੀ ਸਨ ਪਰ ਸਮੇਂ ਦੇ ਨਾਲ-ਨਾਲ ਇਹ ਤੁਣਕ-ਮਿਜ਼ਾਜ ਅਤੇ ਡੇਰੇ ਤੋਂ ਬਾਹਰਲੇ ਲੋਕਾਂ ਤੋਂ ਕਿਨਾਰਾਕਸ਼ੀ ਕਰਨ ਲੱਗੇ ਸਨ। ਜਦੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਵਾਦੀ ਵਿੱਚ ਪਹੁੰਚੇ ਤਾਂ 'ਨਾਥ ਜੋਗੀਆਂ' ਨੇ ਉਨ੍ਹਾਂ ਦਾ ਸੁਆਗਤ ਨਹੀਂ ਕੀਤਾ।

ਅਸੀਂ ਗੁਰੂ ਨਾਨਕ ਦੀ ਯਾਦ ਵਿੱਚ ਬਣੇ 'ਗੁਰਦਵਾਰਾ ਮੀਠਾ-ਰੀਠਾ' ਜਾ ਰਹੇ ਹਾਂ।

ਹਿਮਾਲਿਆ ਪਹਾੜੀਆਂ ਦੇ ਪੈਰਾਂ ਵਿੱਚ ਰੀਠੇ ਦਾ ਦਰਖ਼ਤ ਬਹੁਤ ਹੁੰਦਾ ਹੈ। ਇਸ ਦੇ ਫਲ ਦਾ ਮਾਦਾ ਤਿਬਾਬਤੀ ਹੈ ਅਤੇ ਦਵਾਈਯਾਂ ਵਜੋਂ ਵਰਤਇਆ ਜਾਂਦਾ ਹੈ। ਇਸ ਦੀ ਵਰਤੋਂ ਸਫ਼ਾਈ ਲਈ ਸਾਬਣ ਵਜੋਂ ਵੀ ਹੁੰਦੀ ਹੈ। ਇਹ ਫਲ ਕੌੜਾ ਹੈ ਅਤੇ ਖਾਣ ਵਾਲਾ ਨਹੀਂ ਹੈ ਪਰ ਇੱਕ ਖ਼ਸੂਸੀ ਨਸਲ ਦੇ ਰੁੱਖਾਂ ਨੂੰ ਕੌੜੇ ਅਤੇ ਮਿੱਠੇ, ਦੋਵੇਂ ਫਲ ਲਗਦੇ ਹਨ। ਡੇਰੇ ਦੇ ਲਾਗੇ ਨਦੀ ਦੇ ਕਿਨਾਰੇ ਕੌੜੇ ਅਤੇ ਮਿੱਠੇ ਫਲਾਂ ਵਾਲੇ ਰੀਠੇ ਦੇ ਦਰਖ਼ਤ ਹੇਠ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਆਰਾਮ ਫਰਮਾਉਂਦੇ ਹੋਏ ਗਾਇਆ।

ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ॥
ਨਾਨਕ ਪੰਥੁ ਨਿਹਾਲੇ ਸਾ ਧਨ ਤੂ ਸੁਣਿ ਆਤਮ ਰਾਮਾ॥
ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ॥
ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ॥
(ਰਾਗ ਤੁਖਾਰੀ, ਗੁਰੂ ਨਾਨਕ)

ਨਿਰੰਕਾਰ ਨੇ ਸ੍ਰਿਸ਼ਟੀ ਸਾਜੀ ਹੈ ਅਤੇ ਉਸ ਦਾ ਇਸੇ ਵਿੱਚ ਵਾਸਾ ਹੈ। ਕਰਮ ਸਾਜਣਹਾਰੇ ਦੇ ਹੁਕਮ ਮੁਤਾਬਕ ਸ਼ੁਭਕਰਮ ਹੋ ਜਾਂਦੇ ਹਨ।
ਨਾਨਕ ਨੇ ਫ਼ਰਮਾਇਆ ਕਿ ਲਾੜੀ ਆਤਮਾ ਰਾਹ ਤੱਕਦੀ ਹੈ ਅਤੇ ਹਾਜ਼ਰਾ-ਹਜ਼ੂਰ ਨੂੰ ਆਪਣੀ ਅਰਜ਼ ਸੁਣਨ ਦੀ ਅਰਜੋਈ ਕਰਦੀ ਹੈ।
ਬੰਬੀਹਾ ਪਿਆਰ ਦੀ ਸੱਦ ਦਿੰਦਾ ਹੈ ਅਤੇ ਕੋਇਲ ਖ਼ੁਦਾਈ ਦੀ ਸੋਭਾ ਗਾਉਂਦੀ ਹੈ।
ਲਾੜੀ ਆਤਮਾ ਵਿਵੇਕ ਰਸ ਮਾਣਦੀ ਹੈ ਅਤੇ ਉਸੇ ਵਿੱਚ ਇੱਕ-ਮਿੱਕ ਹੋ ਜਾਂਦੀ ਹੈ।
(ਰਾਗ ਤੁਖਾਰੀ, ਗੁਰੂ ਨਾਨਕ)

ਜਿਵੇਂ 'ਰੀਠੇ' ਦੇ ਦਰਖ਼ਤ ਨੂੰ ਕੌੜੇ ਅਤੇ ਮਿੱਠੇ ਫਲ ਲਗਦੇ ਹਨ ਉਸੇ ਤਰ੍ਹਾਂ ਗਿਆਨਵਾਨ ਜੋਗੀਆਂ ਦੇ ਡੇਰੇ ਦੀ ਬੇਰੁਖ਼ੀ ਦਾ ਤਜਰਬਾ ਸੀ। ਗੁਰੂ ਨਾਨਕ ਨੇ ਬਿਆਨੀਆ ਦਿੱਤਾ ਕਿ ਸਿਰਜਣਾ ਦੇ ਹਰ ਕਣ ਵਿੱਚ ਬਦੀ ਅਤੇ ਨੇਕੀ, ਮਿਠਾਸ ਅਤੇ ਕੜਵਾਹਟ ਵਾਲੇ ਪੱਖ ਸ਼ਾਮਿਲ ਹਨ, ਸਿਰਜਣਹਾਰ ਨੇ ਇਹ ਵਿਓਂਤਬੰਦੀ ਸਿੱਖਿਆ ਦਾ ਪ੍ਰਵਾਹ ਚਲਾਉਣ ਲਈ ਕੀਤੀ ਹੈ ਤਾਂ ਜੋ ਸੋਚਾਂ ਅਤੇ ਅਮਲਾਂ ਨੂੰ ਛਾਣਾ ਲਗਦਾ ਰਹੇ।

ਹਰ ਮਨੁੱਖ ਨੂੰ ਦੂਜਿਆਂ ਨੂੰ ਬਿਨਾਂ ਕਿਸੇ ਵੈਰ ਜਾਂ ਹਉਮੈਂ ਤੋਂ ਹਲੀਮੀ ਨਾਲ ਗਲੇ ਲਗਾਉਣਾ ਚਾਹੀਦਾ ਹੈ ਅਤੇ ਹਰ ਹਾਲਤ ਵਿੱਚੋਂ ਸਿੱਖਣਾ ਚਾਹੀਦਾ ਹੈ। ਗੁਰੂ ਨਾਨਕ ਨੇ ਜੋਗੀਆਂ ਨੂੰ ਸੁਨੇਹਾ ਦਿੱਤਾ ਕਿ ਗਿਆਨ ਨੂੰ ਫਲ ਪੈਂਦਾ ਹੈ ਜੋ ਵੰਡਣ ਨਾਲ ਦੂਣ-ਸਵਾਇਆ ਹੁੰਦਾ ਹੈ ਪਰ ਜਮ੍ਹਾਂਖੋਰੀ ਨਾਲ ਖੁਰ ਜਾਂਦਾ ਹੈ।

ਇਹ ਗੂੜ੍ਹ ਸੁਨੇਹਾ ਸੁਣ ਕੇ 'ਨਾਥ ਜੋਗੀਆਂ' ਨੇ ਗੁਰੂ ਨਾਨਕ ਅਤੇ ਭਾਈ ਮਰਦਾਨੇ ਦਾ ਸੁਆਗਤ ਕੀਤਾ। ਦੋਵਾਂ ਨੇ ਡੇਰੇ ਵਿੱਚ ਕੁਝ ਦਿਨ ਕਿਆਮ ਕੀਤਾ ਅਤੇ ਨਿਵਾਸੀਆਂ ਨਾਲ ਵਿਚਾਰ ਕੀਤੀ।

ਮੁਕਾਮੀ ਲੋਕਾਂ ਦੇ ਦੱਸਣ ਮੁਤਾਬਕ 'ਨਾਥ' ਡੇਰੇ ਨੇ ਗੁਰੂ ਨਾਨਕ ਨਾਲ ਆਪਣੇ ਰਾਬਤੇ ਦੀ ਰੀਤ ਸਾਲਾਂਬੱਧੀ ਕਾਇਮ ਰੱਖੀ ਅਤੇ ਆਪਣੇ 'ਮੱਠ' ਵਿੱਚ 'ਗੁਰੂ ਗ੍ਰੰਥ ਸਾਹਿਬ' ਦਾ ਪ੍ਰਕਾਸ਼ ਕੀਤਾ। ਇਹ ਰੀਤ ੧੯੬੦ ਵਿਆਂ ਦੇ ਦਹਾਕੇ ਤੱਕ ਕਾਇਮ ਰਹੀ ਜਦੋਂ 'ਮੱਠ' ਦੇ ਲਾਗੇ 'ਮੀਠਾ-ਰੀਠਾ ਗੁਰਦਵਾਰਾ' ਉਸਾਰਿਆ ਗਿਆ।

ਅਸੀਂ 'ਮੀਠਾ-ਰੀਠਾ ਗੁਰਦੁਵਾਰਾ' ਦੇ ਲਾਗੇ 'ਮੱਠ' ਜਾ ਰਹੇ ਹਾਂ ਜੋ ਗੁਰੂ ਹੋਰਖਨਾਥ ਨ ਸਮਰਪਿਤ ਹੈ।

**ਭੁਵਨਾਥ ਗੋਸੁਆਮੀ:** ਮੇਰੇ ਦਾਦਾ ਅਤੇ ਸਾਡੇ ਹੋਰ ਪੁਰਖੇ ਇਸ ਅਸਥਾਨ ਉੱਤੇ ਸਦੀਆਂ ਤੋਂ ਪੂਜਾ-ਪਾਠ ਕਰਦੇ ਸਨ। ਇੱਥੇ ਚੜ੍ਹਾਵਾ ਚੜ੍ਹਦਾ ਸੀ, ਭੰਡਾਰਾ ਚਲਦਾ ਸੀ। ਭਾਗਵਤ ਅਤੇ ਸ਼ਿਵ ਪੁਰਾਣ ਦਾ ਪਾਠ ਹੁੰਦਾ ਸੀ, ਗੁਰੂ ਨਾਨਕ ਦੇ ਗ੍ਰੰਥ ਦਾ ਵੀ ਪਾਠ ਹੁੰਦਾ ਸੀ। ਸਾਡਾ ਇਤਿਹਾਸ ਤਾਂ ਇੱਕੋ ਹੈ। ਮੈਨੂੰ ਕੰਨ ਫਾੜੇ ਹੋਏ ਪੰਜ ਸਾਲ ਹੋ ਗਏ।ਅਸੀਂ ਇੱਥੇ ਪੂਜਾ-ਪਾਠ ਕਰਦੇ ਹਾਂ। ਮੈਂ ਗੁਰਦਵਾਰੇ ਵਿੱਚ ਵੀ ਜਾਂਦਾ ਹਾਂ। ਗੁਰਮੁਖੀ ਸਾਡਾ ਇਤਿਹਾਸ ਹੈ, ਪੂਜਾ-ਪਾਠ ਵੇਲੇ ਪੜ੍ਹਦੇ ਹਾਂ।

ਇਸ ਅਸਥਾਨ ਦੇ ਮਿੱਠੇ ਅਤੇ ਕੌੜੇ ਰੀਠੇ ਛਕਣ ਤੋਂ ਬਾਅਦ ਮੈਂ ਆਪਣੀ ਸ਼ਖ਼ਸੀਅਤ ਦੇ ਮਿੱਠੇ ਅਤੇ ਕੌੜੇ ਪੱਖਾਂ ਬਾਰੇ ਵਿਚਾਰ ਕਰ ਰਿਹਾ ਹਾਂ ਅਤੇ ਸੋਚ ਰਿਹਾ ਹਾਂ ਕਿ ਮੈਂ ਇਨ੍ਹਾਂ ਤੋਂ ਕੀ ਸਿੱਖਦਾ ਹਾਂ।

ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ ਤਿਸ ਕੀ ਨਾਰਿ ਸਬਾਈ॥
(ਰਾਗ ਸੂਹੀ, ਗੁਰੂ ਨਾਨਕ)

ਪ੍ਰਭੂ ਕਦੇ ਦੂਰ ਨਹੀਂ ਹੁੰਦਾ। ਉਸ ਦਾ ਵਾਸਾ ਹਰ ਜੀਅ ਵਿੱਚ ਹੈ। ਸਭ ਉਸ ਦੇ ਪਿਆਰੇ ਹਨ।
(ਰਾਗ ਸੂਹੀ, ਗੁਰੂ ਨਾਨਕ)

ਸਿਰਜਣਾ ਦੇ ਹਰ ਕਣ ਵਿੱਚ ਜਲੌਅ ਹੈ। ਇਹ ਸਾਡੇ ਵਿੱਚ ਵੀ ਹੈ। ਹਾਲਾਤ ਦੀ ਕੀਮਤ ਇਸ ਦੇ ਵਰਤਣ ਵਿੱਚ ਹੈ। ਜਦੋਂ ਸਲਾਹੀਅਤ ਪੈਦਾ ਹੁੰਦੀ ਹੈ ਤਾਂ ਪਿਆਰੇ ਵਾਂਗ ਨਿਸਚਾ ਬਣ ਜਾਂਦੀ ਹੈ। ਜਦੋਂ ਰੱਦ ਹੋ ਜਾਂਦੀ ਹੈ ਤਾਂ ਇਹੋ ਵੈਰੀ ਹੋ ਜਾਂਦੀ ਹੈ।

ਰੀਠਾ ਸਾਹਿਬ ਦੇ ਪਹਾੜਾਂ ਤੋਂ ਉੱਤਰ ਕੇ ਗੁਰੂ ਨਾਨਕ ਅਤੇ ਭਾਈ ਮਰਦਾਨਾ ਤਰਾਈ ਦੇ ਇਲਾਕੇ ਵਿੱਚ ਦਿਓਹਾ ਨਦੀ ਦੇ ਕੰਡੇ ਵਸੇ ਕਸਬੇ ਗੋਰਖਮਤਾ ਪਹੁੰਚੇ। ਇਸ ਕਸਬੇ ਦਾ ਮੌਜੂਦਾ ਨਾਮ ਨਾਨਕਮਤਾ ਹੈ।

ਅਸੀਂ ਹੁਣ ਨਾਨਕਮਤਾ ਜਾ ਰਹੇ ਹਾਂ ਅਤੇ ਰਾਹ ਵਿੱਚ ਸਾਡਾ ਟਿਕਾਣਾ ਨਾਨਕ ਸਾਗਰ ਸਰੋਵਰ ਹੈ।

**ਅਮਰਦੀਪ ਸਿੰਘ:** ਦਿਓਹਾ ਨਦੀ ਦੇ ਕੰਢੇ ਵਸੇ ਇਸ ਕਸਬੇ ਨੂੰ ਪਹਿਲਾਂ ਗੋਰਖ ਮਤਾ ਜਾਂ ਸਿੱਧ ਮਤਾ ਕਿਹਾ ਜਾਂਦਾ ਸੀ। ਗੁਰੂ ਨਾਨਕ ਦੇ ਇੱਥੇ ਆਉਣ ਦੇ ਸਤਿਕਾਰ ਵਜੋਂ ਇਹ ਕਸਬਾ ਹੁਣ ਨਾਨਕ ਮਤਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਦਿਓਰਾ ਨਦੀ ਦੇ ਉੱਤੇ ਮਾਰੇ ਗਏ ਬੰਨ੍ਹ ਦਾ ਨਾਮ ਨਾਨਕ ਸਾਗਰ ਹੈ।

ਇਸ ਅਸਥਾਨ ਉੱਤੇ ਗੁਰੂ ਨਾਨਕ ਦੇ ਆਉਣ ਦੀ ਯਾਦ ਵਿੱਚ ਸਰਕਾਰ ਨੇ ਨਾਨਕ ਸਾਗਰ ਸਰੋਵਰ ਦੇ ਅੰਦਰ ਖੂਹ ਦੇ ਰੂਪ ਵਿੱਚ ਯਾਦਗਾਰ ਬਣਾਈ ਹੈ।

ਅਸੀਂ ਹੁਣ ਗੁਰੂ ਨਾਨਕ ਦੀ ਯਾਦ ਵਿੱਚ ਬਣੇ ਮੁੱਖ ਅਸਥਾਨ ਗੁਰਦਵਾਰਾ ਨਾਨਕਮਤਾ ਸਾਹਿਬ ਜਾ ਰਹੇ ਹਾਂ।

ਗੁਰੂ ਨਾਨਕ ਦੇ ਸ਼ਰਧਾਲੂ ਅਤੇ ਪੈਰੋਕਾਰ ਇਸ ਅਸਥਾਨ ਉੱਤੇ ਸਦੀਆਂ ਤੋਂ ਆਉਂਦੇ ਹਨ। 'ਖ਼ੁਲਾਸਤ-ਉਤ-ਤਵਾਰੀਖ਼' ਨਾਮ ਦੀ ਫ਼ਾਰਸੀ ਲਿਖਤ ਵਿੱਚ ੧੬੯੫ ਵਿੱਚ ਦਰਜ ਕੀਤਾ ਗਿਆ: "ਨਾਨਕ ਦੇ ਚੇਲੇ ਅਤੇ ਸ਼ਰਧਾਲੂ ਆਪਣੀ ਸ਼ਰਧਾ ਅਤੇ ਸਤਿਕਾਰ ਦੇ ਫੁੱਲ ਭੇਟ ਕਰਨ ਲਈ ਵੱਡੀ ਗਿਣਤੀ ਵਿੱਚ ਨਾਨਕਮਤਾ ਆਉਂਦੇ ਹਨ।" ਇਸ ਗੁਰਦਵਾਰੇ ਦਾ ਇੰਤਜ਼ਾਮ ੧੯੩੭ ਤੱਕ ਮਹੰਤਾਂ ਦੇ ਹੱਥਾਂ ਵਿੱਚ ਸੀ ਅਤੇ ਉਸ ਤੋਂ ਬਾਅਦ ਇਹ ਇੱਕ ਮੁਕਾਮੀ ਕਮੇਟੀ ਦੇ ਹੱਥਾਂ ਵਿੱਚ ਆ ਗਿਆ। ਇਹ ਗੁਰਦਵਾਰਾ ਮਜ਼ਹਬੀ ਇਤਫ਼ਾਕ ਦੀ ਸ਼ਾਨਦਾਰ ਮਿਸਾਲ ਹੈ ਕਿਉਂਕਿ ਇਸ ਦੀ ਇਮਾਰਤ ਦੇ ਵਧਾਰੇ ਲਈ ਮੁਸਲਮਾਨ ਬਰਾਦਰੀ ਦੇ ਨਵਾਬ ਮਹਿੰਦੀ ਅਲੀ ਖ਼ਾਨ ਨੇ ਮਾਇਕ ਇਮਦਾਦ ਦਿੱਤੀ ਸੀ।

ਜਦੋਂ ਗੁਰੂ ਨਾਨਕ ਨੇ ਗੋਰਖਮਤਾ ਦਾ ਫੇਰਾ ਪਾਇਆ ਤਾਂ ਇੱਥੇ 'ਨਾਥ ਜੋਗੀਆਂ' ਦੀ ਚੋਖੀ ਆਬਾਦੀ ਸੀ ਜੋ ਗੁਰੂ ਗੋਰਖਨਾਥ ਨੂੰ ਮੰਨਦੇ ਸਨ। ਸਮੇਂ ਦੇ ਨਾਲ 'ਨਾਥ ਜੋਗੀਆਂ' ਦੀ ਆਬਾਦੀ ਇਸ ਇਲਾਕੇ ਵਿੱਚੋਂ ਹਿਜਰਤ ਕਰ ਗਈ। ਗੁਰੂ ਨਾਨਕ ਦੇ ਫੇਰੇ ਦੀ ਯਾਦ ਵਿੱਚ ਹੁਣ ਇਸ ਕਸਬੇ ਦਾ ਨਾਮ ਨਾਨਕਮਤਾ ਹੈ।

ਇਸ ਅਸਥਾਨ ਉੱਤੇ ਗੁਰੂ ਨਾਨਕ ਅਤੇ 'ਨਾਥ ਜੋਗੀਆਂ' ਦੀਆਂ ਰੂਹਾਨੀ ਸੋਚਾਂ ਦਾ ਵਟਾਂਦਰਾ ਹੋਇਆ ਸੀ।

'ਜੋਗੀਆਂ' ਨੇ ਗੁਰੂ ਨਾਨਕ ਤੋਂ ਉਨ੍ਹਾਂ ਦੇ ਮਜ਼ਹਬ ਅਤੇ ਉਨ੍ਹਾਂ ਨੂੰ ਇਸ ਰਾਹ ਉੱਤੇ ਤੋਰਨ ਵਾਲੇ ਗੁਰੂ ਦਾ ਨਾਮ ਅਤੇ ਸਦਾਕਤਨਾਮਾ ਪੁੱਛਿਆ ਸੀ।

ਗੁਰੂ ਨਾਨਕ ਨੇ ਜੁਆਬ ਦਿੱਤਾ ਕਿ ਮਨੁੱਖਤਾ ਉਨ੍ਹਾਂ ਦਾ ਧਰਮ ਹੈ ਅਤੇ ਉਹ ਬੇਖ਼ਤਾ ਹਾਜ਼ਰਾ-ਹਜ਼ੂਰ ਤੋਂ ਸਿੱਖਿਆ ਲੈਂਦੇ ਹਨ।

ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ॥
ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ॥
ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ॥
ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ॥
(ਰਾਗ ਸੂਹੀ, ਗੁਰੂ ਨਾਨਕ)

ਮੈਂ ਕਿਸ ਤੱਕੜੀ, ਕਿਸ ਤੋਲ ਅਤੇ ਕਿਸ ਸਰਾਫ਼ ਨੂੰ ਬੁਲਾਵਾਂ?
ਮੈਂ ਕਿਸ ਗੁਰੂ ਤੋਂ ਦੀਖਿਆ ਲਵਾਂ ਅਤੇ ਕਿਸ ਤੋਂ ਤੇਰਾ ਮੁੱਲ ਪਵਾਵਾਂ?
ਮੇਰੇ ਲਾਲ ਜੀਓ ਮੈਂ ਆਪ ਜੀ ਦਾ ਅੰਤ ਨਹੀਂ ਪਾ ਸਕਦਾ।
ਆਪ ਦਾ ਜਲ ਥਲ ਅਤੇ ਆਕਾਸ਼ ਵਿੱਚ ਵਾਸਾ ਹੈ। ਆਪ ਹਰ ਸ਼ੈਅ ਵਿੱਚ ਸਮਾਏ ਹੋ।

(ਰਾਗ ਸੂਹੀ, ਗੁਰੂ ਨਾਨਕ)

ਉਨ੍ਹਾਂ ਆਖਿਆ ਕਿ ਮੈਂ ਕਿਸ ਤੱਕੜੀ, ਕਿਸ ਤੋਲ ਅਤੇ ਕਿਸ ਪਾਰਖੂ ਨੂੰ ਸੱਦਾ ਦਿਆਂ? ਮੈਂ ਕਿਹੜੇ ਸਰਪ੍ਰਸਤ ਤੋਂ ਅਗਵਾਈ ਲੈਂਦਾ ਹੋਇਆ ਆਪ ਜੀ ਦਾ ਮੁੱਲ ਪੁੱਛਾਂ ਕਿਉਂਕਿ ਮੇਰੇ ਸਰਬ-ਵਿਆਪਕ ਲਾਲ ਦੀਆਂ ਹੱਦਾਂ ਕੋਈ ਨਹੀਂ ਜਾਣਦਾ? ਮੈਂ ਸੋਚਾਂ ਦੀ ਤੱਕੜੀ, ਸੁਰਤ ਦੇ ਤੋਲ ਅਤੇ ਨਿਰਸਵਾਰਥ ਸੇਵਾ ਰਾਹੀਂ ਹੀ ਹਿੱਤਭਾਗੀ ਹੋ ਸਕਦਾ ਹਾਂ। ਮੇਰੇ ਕੋਲ ਹਾਜ਼ਰਾ-ਹਜ਼ੂਰ ਦੀ ਬੇਅੰਤ ਮਹਿਮਾ ਤੋਲਣ ਵਾਲਾ ਤੋਲ ਨਹੀਂ ਹੈ।

ਗੁਰੂ ਨਾਨਕ ਦਾ ਦਿਲਚਸਪ ਜੁਆਬ ਸੁਣ ਕੇ ਮੰਤਰਮੁਗਧ 'ਜੋਗੀਆਂ' ਨੇ ਅੰਦਾਜ਼ਾ ਲਗਾਇਆ ਕਿ ਉਹ ਡੇਰੇ ਵਿੱਚ ਸ਼ਾਮਿਲ ਹੋਣ ਦੇ ਆਰਜ਼ੂਮੰਦ ਹੋਣਗੇ। ਉਨ੍ਹਾਂ ਗੁਰੂ ਨਾਨਕ ਨੂੰ ਜੋਗੀਆਨਾ ਭੇਸ ਧਾਰਨ ਦਾ ਸੱਦਾ ਦਿੱਤਾ। ਗੁਰੂ ਨਾਨਕ ਨੇ ਠਰ੍ਹੰਮੇ ਨਾਲ ਜੁਆਬ ਦਿੱਤਾ,

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥
(ਰਾਗ ਸੂਹੀ, ਗੁਰੂ ਨਾਨਕ)

ਜੋਗ ਟਾਕੀਆਂ ਵਾਲੇ ਕੱਪੜੇ ਪਾਣਾ ਅਤੇ ਡੰਡਾ ਫੜਨਾ ਨਹੀਂ ਹੈ। ਜੋਗ ਪਿੰਡੇ ਉੱਤੇ ਸੁਆਹ ਮਲ਼ਣਾ ਨਹੀਂ ਹੈ।
ਜੋਗ ਕੰਨਾਂ ਵਿੱਚ ਮੁੰਦਰਾਂ ਪਣਾ ਅਤੇ ਸਿਰ ਮੁੰਨਡਾਉਣਾ ਨਹੀਂ ਹੈ। ਜੋਗ ਨਾ ਹੀ ਸੰਖ ਵਜਾਉਣਾ ਹੈ।
ਜੋਗ ਦੁਨੀਆਦਾਰੀ ਦੇ ਝਮੇਲਿਆਂ ਵਿੱਚ ਰਹਿੰਦਿਆਂ ਹੋਏ ਬੇਲਾਗ ਰਹਿਣਾ ਹੈ। ਜੋਗ ਜੁਗਤਿ ਇਵੇਂ ਪਾਈ ਜਾਂਦੀ ਹੈ।
ਕੁਝ ਸ਼ਬਦਾਂ ਦੇ ਉਚਾਰਨ ਨਾਲ ਕਿਸੇ ਨੂੰ ਜੋਗ ਨਹੀਂ ਮਿਲ ਜਾਂਦਾ।
ਸਭ ਨੂੰ ਬਰਾਬਰ ਸਮਝਣ ਵਾਲਾ ਹੀ ਜੋਗੀ ਹੈ।
(ਰਾਗ ਸੂਹੀ, ਗੁਰੂ ਨਾਨਕ)

ਲਿਬਾਸਾਂ ਨਾਲ ਮੁਕਤੀ ਨਹੀਂ ਮਿਲਦੀ। ਇਸ ਲਈ ਦੁਨੀਆਦਾਰੀ ਨਿਭਾਉਂਦੇ ਹੋਏ ਸਮੁੱਚੀ ਸ੍ਰਿਸ਼ਟੀ ਨੂੰ ਇੱਕ ਜਾਣਨਾ ਪੈਂਦਾ ਹੈ ਅਤੇ ਮੋਹ ਦੇ ਜੰਜਾਲ ਤੋਂ ਬਚਣਾ ਪੈਂਦਾ ਹੈ। ਗੁਰੂ ਨਾਨਕ ਨੇ 'ਜੋਗੀਆਂ' ਨੂੰ ਸੁਨੇਹਾ ਦਿੱਤਾ ਕਿ ਕਾਮਨਾ ਦੀ ਮੌਤ ਦੀ ਇੱਛਾ ਪਾਲਣ ਅਤੇ ਸਦਾਚਾਰੀ ਜ਼ਿੰਦਗੀ ਜਿਊਂਣ।

ਮੈਂ ਆਪਣੇ ਅੰਦਰੂਨੀ ਸੰਜਮ ਨੂੰ ਕਾਇਮ ਕਰਨ ਲਈ ਜੂਝਦਾ ਰਹਿੰਦਾ ਹਾਂ ਅਤੇ ਆਪਣੇ ਆਪ ਨੂੰ ਸਮਝਾਉਂਦਾ ਹਾਂ ਕਿ ਤਵਾਜ਼ਨ ਕਾਇਮ ਕਰਨ ਦਾ ਕੀ ਰਾਹ ਹੈ।

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥

---

(ਰਾਗ ਸੂਹੀ, ਗੁਰੂ ਨਾਨਕ)

ਨਾਪਾਕੀਜ਼ਗੀ ਵਿੱਚ ਰਹਿੰਦੇ ਹੋਏ ਸੋਚ ਅਤੇ ਅਮਲ ਨੂੰ ਪਾਕਿ ਰੱਖਣਾ
ਇਹ ਜੁਗਤ ਹੀ ਤਵਾਜ਼ਨ ਦਾ ਰਾਹ ਖੋਲ੍ਹਦੀ ਹੈ।
(ਰਾਗ ਸੂਹੀ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੫: ਤੱਤਵ-ਗਿਆਨ (ਇਲਮ ਦਾ ਸਤ)

ਚਰਚਾ ਨਾਲ ਸੰਬੰਧਿਤ ਇਹ ਨੁਕਤੇ ਗੁਰੂ ਨਾਨਕ ਦੀ ਹਿਮਾਲਿਆ ਖੇਤਰ ਵਿਚ ਕੀਤੀ ਉਦਾਸੀ ਦੇ ਲਾਸਾਨੀ ਇਤਿਹਾਸਕ ਅਤੇ ਦਾਰਸ਼ਨਿਕ ਪੱਖਾਂ ਉੱਤੇ ਰੋਸ਼ਨੀ ਪਾਉਂਦੇ ਹਨ। ਇਤਿਹਾਸਕ ਤੌਰ 'ਤੇ, ਇਹ ਵੱਖ-ਵੱਖ ਥਾਵਾਂ 'ਤੇ ਨਾਥ ਜੋਗੀਆਂ ਨਾਲ ਹੋਏ ਉਨ੍ਹਾਂ ਦੇ ਬਹੁਮੁਲੇ ਸੰਵਾਦ ਨੂੰ ਉਜਾਗਰ ਕਰਦੇ ਹਨ। ਗੁਰੂ ਨਾਨਕ ਦੀ ਯਾਦ ਵਿਚ ਬਣੇ ਸਥਾਨਾਂ ਦੀ ਉਤਪਤੀ ਅਤੇ ਵਿਕਾਸ ਦੀ ਨਿਸ਼ਾਨਦੇਹੀ ਵੀ ਇਸ ਐਪੀਸੋਡ ਵਿਚ ਕੀਤੀ ਗਈ ਹੈ। ਉਨ੍ਹਾਂ ਦੀ ਅੰਤਰ-ਧਾਰਮਿਕ ਸੰਵਾਦ ਦੀ ਅਮੀਰ ਵਿਰਾਸਤ ਨੂੰ ਵੀ ਇਸ ਐਪੀਸੋਡ ਵਿਚ ਦਰਸਾਇਆ ਗਿਆ ਹੈ। ਦਾਰਸ਼ਨਿਕ ਤੌਰ 'ਤੇ, ਇਹ ਉਨ੍ਹਾਂ ਦੁਆਰਾ ਕੀਤੀ ਬਹੁਦਿਸ਼ਾਵੀ ਵਿਆਪਕ ਰੂਹਾਨੀ ਦ੍ਰਿਸ਼ਟੀਕੋਣ ਦੀ ਤਰਜ਼ਮਾਨੀ, ਇਕ ਸਚੇ ਜੋਗ ਅਭਿਆਸ ਦੀ ਪਰਿਭਾਸ਼ਾ, ਪਰਮ ਏਕਤਾ ਦੇ ਢਾਂਚੇ ਵਿੱਚ ਦ੍ਵੈਤ ਨੂੰ ਸਵੀਕਾਰ ਕਰਨ ਦੀ ਦ੍ਰਿਸ਼ਟੀ ਅਤੇ ਫੋਕੇ ਕਰਮਾਂ ਕਾਂਡਾ ਦੀ ਬਜਾਏ ਅੰਦਰੂਨੀ ਬਦਲਾਅ ਦੀ ਵਿਆਖਿਆ ਕਰਦੇ ਹਨ। ਇਹ ਸਭ ਨੁਕਤੇ ਮਿਲਕੇ ਇਹ ਸਮਝਣ ਵਿਚ ਮਦਦ ਕਰਦੇ ਹਨ ਕਿ ਗੁਰੂ ਨਾਨਕ ਦੀ ਹਿਮਾਲਿਆ ਖੇਤਰ ਵਿਚ ਕੀਤੀ ਯਾਤਰਾ ਨਾ ਸਿਰਫ਼ ਇਕ ਭੂਗੋਲਿਕ ਮੁਹਿੰਮ ਸੀ, ਬਲਕਿ ਉਸ ਸਮੇਂ ਦੀਆਂ ਰੂਹਾਨੀ ਪਰੰਪਰਾਵਾਂ ਨਾਲ ਰਚਾਇਆ ਗੂੜਾ ਸੰਵਾਦ ਵੀ ਸੀ।

## ਇਤਿਹਾਸਕ ਚਰਚਾ ਨੁਕਤੇ:

੧. ਗੁਰੂ ਨਾਨਕ ਦੇ ਸਮੇਂ ਵਿੱਚ ਨਾਥ ਪੰਥੀ ਸੰਪਰਦਾਇ ਦਾ ਇਤਿਹਾਸਕ ਮਹੱਤਵ ਕੀ ਸੀ? ਐਪੀਸੋਡ ਦਾ ਇਹ ਭਾਗ ਨਾਥ ਜੋਗੀਆਂ ਨੂੰ ਦਸਵੀਂ ਸਦੀ ਦੇ ਰੂਹਾਨੀ ਰਹਿਬਰ ਗੁਰੂ ਗੋਰਖਨਾਥ ਦੇ ਪੈਰੋਕਾਰਾਂ ਵਜੋਂ ਪੇਸ਼ ਕਰਦਾ ਹੈ, ਜਿਨ੍ਹਾਂ ਦਾ ਪ੍ਰਭਾਵ ਭਾਰਤ, ਨੇਪਾਲ, ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚ ਫੈਲਿਆ ਹੋਇਆ ਸੀ। ਇਨ੍ਹਾਂ ਨੂੰ 'ਜੋਗੀ' (ਸੰਨਿਆਸੀ) ਜਾਂ 'ਸਿੱਧ' (ਤਾਂਤਰਿਕ) ਵੀ ਆਖਿਆ ਜਾਂਦਾ ਸੀ, ਅਤੇ ਪਾਟੇ ਕੰਨਾਂ ਵਿਚ ਪਾਈਆਂ ਹੋਈਆਂ ਮੁਦਰਾਂ ਕਾਰਣ ਉਨ੍ਹਾਂ ਨੂੰ ਕੰਨਪਾਟੇ ਜੋਗੀ ਵੀ ਸਦਿਆ ਜਾਂਦਾ ਸੀ। ਇਸ ਭਾਗ ਵਿਚ ਦਰਜ਼ ਹੈ ਕਿ ਗੁਰੂ ਗੋਰਖਨਾਥ ਅਤੇ ਉਨ੍ਹਾਂ ਦੇ ਪੂਰਵਜ ਮਛੰਦਰ ਨਾਥ, ਗੁਰੂ ਨਾਨਕ ਤੋਂ ਬਹੁਤ ਸਮਾਂ ਪਹਿਲਾਂ ਦੇ ਸਨ। ਹਾਲਾਂਕਿ,

'ਜਨਮਸਾਖੀ' ਚਿਤਰ ਕਲਾ ਵਿਚ, ਗੁਰੂ ਨਾਨਕ ਨੂੰ ਅਕਸਰ ਦੋਵਾਂ ਨਾਲ ਸੰਵਾਦ ਕਰਦੇ ਹੋਏ ਚਿਤਰਿਤ ਕੀਤਾ ਗਿਆ ਹੈ; ਇਹ ਚਿਤਰਣ 'ਕੰਨਪਾਟੇ ਜੋਗੀ' ਸੰਪਰਦਾਇ ਦੇ ਉਤਰਾਧਿਕਾਰੀਆਂ ਨਾਲ ਗੁਰੂ ਨਾਨਕ ਦੀ ਵਾਰਤਾਲਾਪ ਦਾ ਪ੍ਰਤੀਕ ਹਨ। ਕਿਸ ਤਰ੍ਹਾਂ ਇਸ ਸੰਪਰਦਾਇ ਨੇ ਹਿਮਾਲਿਆ ਖੇਤਰ ਵਿਚ ਆਪਣਾ ਵਿਆਪਕ ਧਾਰਮਿਕ ਪ੍ਰਭਾਵ ਪਾਇਆ ਹੋਇਆ ਸੀ ਜਿਸ ਦਾ ਸਾਹਮਣਾ ਗੁਰੂ ਨਾਨਕ ਨੂੰ ਆਪਣੀਆਂ ਉਦਾਸੀਆਂ ਦੌਰਾਨ ਕਰਨਾ ਪਇਆ?

੨. ਹਿਮਾਲਿਆ ਖੇਤਰ ਦੇ ਧਾਰਮਿਕ ਧਰਾਤਲ ਨੇ ਗੁਰੂ ਨਾਨਕ ਦੀ ਯਾਤਰਾ ਨੂੰ ਕਿਵੇਂ ਪ੍ਰਭਾਵਿਤ ਕੀਤਾ?

ਇਸ ਭਾਗ ਵਿਚ ਗੁਰੂ ਨਾਨਕ ਵਲੋਂ ਬਹੁਤ ਸਾਰੇ ਧਾਰਮਿਕ ਸਥਾਨਾਂ ਉਪਰ ਕੀਤੀ ਯਾਤਰਾ ਦਾ ਜ਼ਿਕਰ ਹੈ। ਕੋਟਦਵਾਰ 'ਨਾਥ ਪੰਥੀ' ਸੰਪਰਦਾਇ ਦੇ ਧਾਰਮਿਕ ਸਥਾਨ ਵਜੋਂ ਦਰਸਾਇਆ ਗਿਆ ਹੈ। ਕੇਦਾਰਨਾਥ ਨੂੰ ਸ਼ੈਵ ਪੰਥੀਆਂ ਦੇ ਚਾਰ ਤੀਰਥ ਸਥਾਨਾਂ ਵਿਚੋਂ ਇਕ ਦੱਸਿਆ ਗਿਆ ਹੈ, ਜਿੱਥੇ 'ਪਾਂਡਵਾਂ' ਨੇ ਭਗਵਾਨ ਸ਼ਿਵ ਤੋਂ ਖ਼ਿਮਾ ਦੀ ਜਾਚਨਾ ਕੀਤੀ ਸੀ। ਬਦਰੀਨਾਥ ਨੂੰ ਵੈਸ਼ਣਵ ਸੰਪਰਦਾਇ ਦੇ ਸਭ ਤੋਂ ਪਵਿੱਤਰ ਤੀਰਥ ਸਥਾਨਾਂ ਵਿਚੋਂ ਇੱਕ ਦੱਸਿਆ ਗਿਆ ਹੈ, ਜੋ ਸ਼ੁਰੂ ਵਿਚ ਜੈਨ ਧਰਮ ਦਾ ਪੂਜਾ ਸਥਾਨ ਸੀ ਅਤੇ ਅੱਠਵੀਂ ਸਦੀ ਵਿਚ ਆਦਿ ਸ਼ੰਕਰਾਚਾਰਯ ਦੁਆਰਾ ਇਸਨੂੰ ਵੈਸ਼ਣਵ ਤੀਰਥ ਸਥਾਨ ਵਿਚ ਬਦਲ ਦਿੱਤਾ ਗਿਆ। ਇਹਨਾਂ ਵੱਖ-ਵੱਖ ਧਾਰਮਿਕ ਸਥਾਨਾਂ ਦੇ ਧਰਾਤਲ ਅਤੇ ਇਤਿਹਾਸਕ ਪਰਿਵਰਤਨ ਨੇ ਗੁਰੂ ਨਾਨਕ ਦੀਆਂ ਧਾਰਣਾਵਾਂ ਅਤੇ ਸੰਵਾਦ ਜੁਗਤਾਂ ਨੂੰ ਕੀ ਪਿਠਭੂਮੀ ਪ੍ਰਦਾਨ ਕੀਤੀ ਹੋਵੇਗੀ?

੩. ਗੁਰੂ ਨਾਨਕ ਦੀ ਹਿਮਾਲਿਆ ਖੇਤਰ ਵਿਚ ਕੀਤੀ ਉਦਾਸੀ ਸੰਬੰਧੀ ਕਿਹੜੇ ਯਾਦਗਾਰ ਸਮਾਰਕ ਮੌਜੂਦ ਹਨ?

ਇਸ ਐਪੀਸੋਡ ਵਿਚ ਗੁਰੂ ਨਾਨਕ ਦੀ ਉਦਾਸੀ ਦੇ ਪਦ ਚਿੰਨ੍ਹਾਂ ਉਪਰ ਬਣੇ ਬਹੁਤ ਸਾਰੇ ਸਥਾਨਾਂ ਦਾ ਜ਼ਿਕਰ ਕੀਤਾ ਗਿਆ ਹੈ। ਕੋਟਦਵਾਰ ਵਿਚ, ਗੁਰਦੁਆਰਾ ਚਰਨਪਾਦੁਕਾ ਸਥਿਤ ਸੀ। ੧੮੮੪ ਵਿਚ ਲਿਖੀ ਤਾਰਾ ਸਿੰਘ ਨਰੋਤਮ ਦੀ ਪੁਸਤਕ 'ਗੁਰ ਤੀਰਥ ਸੰਗ੍ਰਹਿ' ਦੇ ਅਨੁਸਾਰ, ਇਹ ਸਥਾਨ ਹੁਣ ਮੌਜੂਦ ਨਹੀਂ ਹੈ। ਸ੍ਰੀਨਗਰ ਵਿਚ, ਗੁਰੂ ਨਾਨਕ ਦੀ ਯਾਤਰਾ ਦੀ ਯਾਦ ਵਿਚ ਗੁਰਦੁਆਰਾ ਚਰਨਪਾਦੁਕਾ ਬਣਾਇਆ ਗਿਆ ਸੀ, ਜੋ ੧੮੦੩ ਵਿਚ ਆਏ ਹੜ੍ਹ ਕਾਰਣ ਨਸ਼ਟ ਹੋ ਗਿਆ। ਰੀਠਾ ਸਾਹਿਬ ਵਿਖੇ, ੧੯੬੦ ਦੇ ਦਹਾਕੇ ਵਿਚ ਮਿੱਠਾ ਰੀਠਾ ਗੁਰਦੁਆਰਾ ਬਣਾਇਆ

ਗਿਆ ਸੀ, ਅਤੇ ਨਨਕਮੱਤਾ ਵਿਚ, ਸਰਕਾਰ ਨੇ ਨਾਨਕ ਸਾਗਰ ਝੀਲ ਦੇ ਕੋਲ ਗੁਰੂ ਨਾਨਕ ਦੀ ਯਾਦ ਵਿਚ ਇਕ ਖੂਹ ਦਾ ਨਿਰਮਾਣ ਕਰਵਾਇਆ ਅਤੇ ਗੁਰਦੁਆਰਾ ਨਾਨਕਮੱਤਾ ਸਾਹਿਬ ਗੁਰੂ ਨਾਨਕ ਦੀ ਉਦਾਸੀ ਦਾ ਮੁਖ ਸਥਾਨ ਹੈ। ਇਸ ਸਥਾਨ ਹਿਮਾਲਿਆ ਖੇਤਰ ਦੇ ਲੋਕਾਂ ਉਪਰ ਗੁਰੂ ਨਾਨਕ ਦੇ ਪ੍ਰਭਾਵ ਨੂੰ ਕਿਵੇਂ ਦਰਸਾਉਂਦੇ ਹਨ?

੪. ਗੋਰਖਮੱਤਾ ਵਿਚ ਕਿਹੜਾ ਇਤਿਹਾਸਕ ਪਰਿਵਰਤਨ ਹੋਇਆ, ਅਤੇ ਇਸਦਾ ਕੀ ਮਹੱਤਵ ਹੈ?

ਇਸ ਭਾਗ ਦੇ ਅਨੁਸਾਰ, ਦੇਵੋਹਾ ਨਦੀ ਦੇ ਕੰਢੇ ਸਥਿਤ ਇਹ ਸ਼ਹਿਰ ਪਹਿਲਾਂ ਗੋਰਖਮੱਤਾ ਜਾਂ ਸਿੱਧਮੱਤਾ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਗੁਰੂ ਨਾਨਕ ਦੀ ਇਸ ਸਥਾਨ ਉਪਰ ਕੀਤੀ ਪਾਵਨ ਯਾਤਰਾ ਸਦਕਾ ਹੁਣ ਇਸਨੂੰ ਨਾਨਕਮੱਤਾ ਆਖਿਆ ਜਾਂਦਾ ਹੈ। ਦੇਵੋਹਾ ਨਦੀ 'ਤੇ ਬਣੀ ਝੀਲ ਨੂੰ ਹੁਣ ਨਾਨਕ ਸਾਗਰ ਕਿਹਾ ਜਾਂਦਾ ਹੈ। ਇਤਿਹਾਸਕ ਰਿਕਾਰਡ ਇਸ ਸਥਾਨ ਦੇ ਮਹੱਤਵ ਦੀ ਪੁਸ਼ਟੀ ਕਰਦੇ ਹਨ, ਕਿਉਂਕਿ ੧੬੯੫ ਵਿਚ ਲਿਖੇ ਗਏ ਫ਼ਾਰਸੀ ਗ੍ਰੰਥ 'ਖੁਲਾਸਤ-ਉਤ-ਤਵਾਰੀਖ' ਵਿਚ ਇਹ ਵਰਣਿਤ ਹੈ ਕਿ ਨਨਕਮੱਤਾ ਉਹ ਸਥਾਨ ਹੈ ਜਿੱਥੇ ਗੁਰੂ ਨਾਨਕ ਦੇ ਪੈਰੋਕਾਰ ਅਤੇ ਸ਼ਰਧਾਲੂ ਵੱਡੀ ਗਿਣਤੀ ਵਿਚ ਇਕੱਤਰ ਹੋ ਸ਼ਰਧਾ ਅਤੇ ਭੇਟਾਵਾਂ ਅਰਪਣ ਕਰਦੇ ਹਨ। ਗੋਰਖਮੱਤਾ (ਜੋ ਗੁਰੂ ਗੋਰਖਨਾਥ ਨਾਲ ਸੰਬੰਧਤ ਸੀ) ਤੋਂ ਨਨਕਮੱਤਾ ਵਿਚ ਇਸ ਨਾਂ ਤਬਦੀਲੀ ਨੇ ਇਸ ਖੇਤਰ ਦੇ ਧਾਰਮਿਕ ਧਰਾਤਲ ਉਪਰ ਗੁਰੂ ਨਾਨਕ ਦੀ ਯਾਤਰਾ ਦੇ ਇਤਿਹਾਸਕ ਪ੍ਰਭਾਵ ਬਾਰੇ ਕੀ ਖੁਲਾਸਾ ਕੀਤਾ?

੫. ਗੁਰੂ ਨਾਨਕ  ਨਾਲ ਸੰਬੰਧਿਤ ਯਾਦਗਾਰ ਸਥਾਨਾਂ ਦੇ ਪ੍ਰਬੰਧ ਸਮੇਂ ਦੇ ਨਾਲ ਕਿਵੇਂ ਵਿਕਸਿਤ ਹੋਏ?

ਇਸ ਐਪੀਸੋਡ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਗੁਰੂ ਨਾਨਕ ਦੀ ਯਾਤਰਾ ਦੀ ਯਾਦ ਵਿਚ ਬਣੇ ਸਥਾਨਾਂ ਦਾ ਪ੍ਰਬੰਧ ਸਦੀਆਂ ਬਧੀ ਕਿਵੇਂ ਕੀਤਾ ਗਿਆ। ਨਾਨਕਮੱਤਾ ਵਿਚ, ੧੯੩੭ ਤੋਂ ਪਹਿਲਾਂ ਇਸ ਗੁਰਦੁਆਰੇ ਦਾ ਪ੍ਰਬੰਧ 'ਮਹੰਤਾਂ' ਦੁਆਰਾ ਕੀਤਾ ਜਾਂਦਾ ਸੀ ਅਤੇ ਉਸ ਤੋਂ ਬਾਅਦ ਇਸਦਾ ਪ੍ਰਬੰਧ ਇਕ ਸਥਾਨਕ ਕਮੇਟੀ ਨੇ ਸੰਭਾਲ ਲਿਆ। ਇਹ ਭਾਗ ਇਹ ਜਾਣਕਾਰੀ ਵੀ ਦਿੰਦਾ ਹੈ ਕਿ ਇਹ ਗੁਰਦੁਆਰਾ ਅੰਤਰ-ਧਾਰਮਿਕ ਸਦਭਾਵਨਾ ਦੀ ਇਕ ਲਾਸਾਨੀ ਮਿਸਾਲ ਹੈ, ਕਿਉਂਕਿ ਇਸਦੇ ਸਥਾਨ ਦੇ ਵਿਸਥਾਰ ਲਈ ਇਕ ਮੁਸਲਮਾਨ ਨਵਾਬ ਮਹਦੀ ਅਲੀ ਖਾਨ ਦੁਆਰਾ ਰਾਸ਼ੀ

ਭੇਟ ਕੀਤੀ ਗਈ ਸੀ। ਰੀਠਾ ਸਾਹਿਬ ਵਿਖੇ, ਵਰ੍ਹਿਆਂ ਤਕ 'ਨਾਥ' ਸੰਪਰਦਾਇ ਦੁਆਰਾ ਗੁਰੂ ਨਾਨਕ ਨਾਲ ਆਪਣੇ ਰਿਸ਼ਤੇ ਨੂੰ ਕਾਇਮ ਰੱਖਿਆ ਗਿਆ ਜਿਸ ਤਰ੍ਹਾਂ ਕਿ ਉਨ੍ਹਾਂ ਆਪਣੇ 'ਮੱਠ' ਵਿਚ 'ਗੁਰੂ ਗ੍ਰੰਥ ਸਾਹਿਬ' ਦਾ ਪ੍ਰਕਾਸ਼ ਕੀਤਾ ਹੁੰਦਾ ਸੀ। ਗੁਰੂ ਨਾਨਕ ਦੀਆਂ ਯਾਤਰਾਵਾਂ ਤੋਂ ਬਹੁਤ ਸਮਾਂ ਬਾਅਦ ਇਨ੍ਹਾਂ ਸਥਾਨਾਂ ਦੇ ਪ੍ਰਬੰਧ ਦਾ ਢਾਂਚਾ ਵੱਖ-ਵੱਖ ਧਾਰਮਿਕ ਸਮੂਹਾਂ ਵਿਚਕਾਰ ਬਦਲਦੇ ਸੰਬੰਧਾਂ ਨੂੰ ਕਿਵੇਂ ਦਰਸਾਉਂਦਾ ਹੈ?

੬. ਨਾਥ ਪਰੰਪਰਾ ਅਤੇ ਸਿੱਖ ਪਰੰਪਰਾ ਵਿਚਕਾਰ ਨਿਰੰਤਰ ਅੰਤਰਧਾਰਮਿਕ ਸੰਬੰਧਾਂ ਦੇ ਕਿਹੜੇ ਪ੍ਰਮਾਣ ਮੌਜੂਦ ਹਨ?
ਇਸ ਭਾਗ ਵਿਚ ਰੀਠਾ ਸਾਹਿਬ ਵਿਖੇ 'ਤੇ ਭੁਵਨਾਥ ਗੋਸਵਾਮੀ ਦੀ ਗਵਾਹੀ ਪੇਸ਼ ਕੀਤੀ ਗਈ ਹੈ, ਜੋ ਕਹਿੰਦੇ ਹਨ ਕਿ ਮੇਰੇ ਦਾਦਾ ਅਤੇ ਪੂਰਵਜ ਵਰ੍ਹਿਆਂ ਤੋਂ ਇਸ ਸਥਾਨ ਦੀ ਸੇਵਾ ਸੰਭਾਲ ਕਰਦੇ ਆ ਰਹੇ ਹਨ। 'ਗੁਰੂ ਗ੍ਰੰਥ ਸਾਹਿਬ' ਦਾ ਪਾਠ ਵੀ ਕੀਤਾ ਜਾਂਦਾ ਸੀ। ਸਾਡਾ ਇਤਿਹਾਸ ਆਪਸ ਵਿਚ ਜੁੜਿਆ ਹੋਇਆ ਸੀ। ਮੈਂ ਗੁਰਦੁਆਰੇ ਵੀ ਜਾਂਦਾ ਹਾਂ। 'ਗੁਰਮੁਖੀ' ਲਿਪੀ ਵੀ ਮੇਰੀ ਵਿਰਾਸਤ ਦਾ ਇਕ ਹਿੱਸਾ ਹੈ। ਅਸੀਂ ਅਜੇ ਵੀ 'ਗੁਰਮੁਖੀ' ਵਿਚ ਗੁਰਬਾਣੀ ਪੜ੍ਹਦੇ ਹਾਂ। ਇਹ ਸਮਕਾਲੀ ਵੇਰਵਾ ਖਾਸ ਤੌਰ ਤੇ ਇਸ ਭੁਗੋਲਿਕ ਧਰਾਤਲ ਸੰਦਰਭ ਵਿਚ ਨਾਥ ਅਤੇ ਸਿੱਖ ਪਰੰਪਰਾ ਵਿਚਕਾਰ ਸਥਾਈ ਇਤਿਹਾਸਕ ਸੰਬੰਧਾਂ ਬਾਰੇ ਕੀ ਦਰਸਾਉਂਦਾ ਹੈ? ਅਤੇ ਇਹ ਗੁਰੂ ਨਾਨਕ ਦੀ ਮੂਲ ਸੰਚਾਰ ਜੁਗਤ ਨਾਲ ਕਿਵੇਂ ਜੁੜਿਆ ਹੋਇਆ ਹੈ।

## ਦਾਰਸ਼ਨਿਕ ਚਰਚਾ ਨੁਕਤੇ:

੧. ਗੁਰੂ ਨਾਨਕ ਵੱਲੋਂ ਭਾਰਤੀ ਦਰਸ਼ਨ ਦੀਆਂ ਛੇ ਪ੍ਰਣਾਲੀਆਂ ਦੀ ਸਵੀਕਾਰਤਾ ਉਨ੍ਹਾਂ ਦੇ ਰੂਹਾਨੀ ਗਿਆਨ ਦੀ ਦ੍ਰਿਸ਼ਟੀ ਨੂੰ ਕਿਵੇਂ ਦਰਸਾਉਂਦੀ ਹੈ?
ਇਹ ਐਪੀਸੋਡ ਗੁਰੂ ਨਾਨਕ ਦੇ ਉਸ ਸ਼ਬਦ ਨਾਲ ਸ਼ੁਰੂ ਹੁੰਦੀ ਹੈ ਜਿਸ ਵਿਚ ਉਹ ਛੇ ਦਾਰਸ਼ਨਿਕ ਪ੍ਰਣਾਲੀਆਂ ਦਾ ਜ਼ਿਕਰ ਕਰਦੇ ਹਨ: ਛੇ ਦਰਸ਼ਨ, ਛੇ ਆਚਾਰਯ, ਛੇ ਸਿਧਾਂਤ (ਭਾਰਤੀ ਰੂਹਾਨੀ ਪਰੰਪਰਾ ਵਿਚ)। ਸਾਰੇ ਰਹਿਬਰਾਂ ਦੀ ਰਹਿਬਰ ਇਕੋ ਦੈਵੀ ਸਤਾ ਹੈ ਜੋ ਵੱਖ-ਵੱਖ ਰੂਪਾਂ ਵਿੱਚ ਪ੍ਰਗਟ ਹੁੰਦੀ ਹੈ। ਇਸ ਭਾਗ ਵਿਚ ਇਹ ਵੀ ਦਰਸਾਇਆ ਗਿਆ ਹੈ ਕਿ ਗੁਰੂ ਨਾਨਕ ਵੱਲੋਂ ਸਾਂਖ, ਯੋਗ, ਨਿਆਂ, ਵੈਸ਼ੇਸ਼ਿਕ, ਮੀਮਾਂਸਾ ਅਤੇ ਵੇਦਾਂਤ ਵਰਗੀਆਂ ਛੇ ਭਾਰਤੀ ਦਾਰਸ਼ਨਿਕ ਪ੍ਰਣਾਲੀਆਂ ਦੀ ਸਵੀਕਾਰਤਾ ਇਹ ਦਰਸਾਉਂਦੀ ਹੈ ਕਿ ਉਹ ਵਿਚਾਰਾਂ ਦੀ ਆਜ਼ਾਦੀ ਦਾ ਆਦਰ ਕਰਦੇ ਸਨ।

ਭਾਵੇਂ, ਉਹ ਸਰਵੋਤਮ ਤੌਰ 'ਤੇ ਏਕਤਾ ਦੇ ਸਿਧਾਂਤ ਨੂੰ ਹੀ ਪ੍ਰਮੁੱਖ ਮੰਨਦੇ ਸਨ। ਇਹ ਦਾਰਸ਼ਨਿਕ ਦ੍ਰਿਸ਼ਟੀ ਵੱਖ-ਵੱਖ ਦਰਸ਼ਨਾਂ ਬਾਰੇ ਸੂਝ ਵਿਕਸਤ ਕਰਨ ਦੇ ਨਾਲ-ਨਾਲ ਦੈਵੀ ਸਤਾ ਦੀ ਅੰਤਿਮ ਏਕਤਾ ਨੂੰ ਕਿਵੇਂ ਉਜਾਗਰ ਕਰਦੀ ਹੈ?

੨. ਗੁਰੂ ਨਾਨਕ ਅਸਲ ਜੋਗ ਸਾਧਨਾ ਦੀ ਧਾਰਨਾ ਨੂੰ ਕਿਵੇਂ ਪੁਨਰ ਪਰਿਭਾਸ਼ਿਤ ਕਰਦੇ ਹਨ? ਜਦੋਂ ਜੋਗੀਆਂ ਨੇ ਗੁਰੂ ਨਾਨਕ ਨੂੰ ਸੰਨਿਆਸ ਅਤੇ ਉਨ੍ਹਾਂ ਦਾ ਪਹਿਰਾਵਾ ਧਾਰਨ ਕਰਨ ਬਾਰੇ ਸੱਦਾ ਦਿੱਤਾ, ਤਾਂ ਗੁਰੂ ਨਾਨਕ ਨੇ ਇਕ ਸ਼ਬਦ ਰਾਹੀਂ ਪਰੰਪਰਾਗਤ ਰੂਹਾਨੀ ਮਰਿਯਾਦਾ ਪ੍ਰਤੀ ਸੂਝ ਨੂੰ ਚੁਣੌਤੀ ਦਿੱਤੀ: ਜੋਗ ਦਾ ਮਾਰਗ ਪੁਰਾਣੇ-ਪਾਟੇ ਵਸਤਰ ਪਾਉਣ ਜਾਂ ਡੰਡਾਂ ਲੈ ਕੇ ਚੱਲਣ ਵਿਚ ਨਹੀਂ ਹੈ। ਜੋਗ ਮਤ ਸਰੀਰ 'ਤੇ ਭਸਮ ਲਗਾਉਣ ਵਿਚ ਵੀ ਨਹੀਂ ਹੈ ਅਤੇ ਨਾ ਹੀ ਜੋਗ ਕੰਨਾਂ ਵਿੱਚ ਮੁੰਦਰਾਂ ਪਾਉਣ ਜਾਂ ਸੀਸ ਮੁੰਡਾਉਣ ਨਾਲ ਮਿਲਦਾ ਹੈ। ਜੋਗ ਦਾ ਮਾਰਗ ਵਾਜਾ ਵਜਾਉਣ ਵਿਚ ਨਹੀਂ ਹੈ। ਸੰਸਾਰੀ ਵਿਚ ਰਹਿੰਦਿਆਂ ਇਸ ਤੋਂ ਨਿਰਲੇਪ ਰਹਿਣ ਵਿਚ ਹੀ ਇਕ ਜੋਗੀ ਬਣਨ ਦਾ ਮਾਰਗ ਨਹਿਤ ਹੈ। ਫਿਰ ਉਹ ਗਾਇਨ ਕਰਦੇ ਹਨ ਕਿ ਕੁਚੀਲਤਾ ਦੇ ਵਿਚਕਾਰ, ਆਪਣੇ ਵਿਚਾਰ ਅਤੇ ਕਰਮਾਂ ਨੂੰ ਸ਼ੁਧ ਅਤੇ ਨੇਕ ਬਣਾਉਣ ਵਿਚ ਹੀ ਅਸਲ ਜੋਗ (ਜ਼ਿੰਦਗੀ ਦਾ ਮਾਰਗ) ਹੈ, ਜਿਸ ਰਾਹੀਂ ਆਤਮਬੋਧ ਅਤੇ ਸੰਤੁਲਨ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਨਵਾਂ ਕ੍ਰਾਂਤੀਕਾਰੀ ਵਿਚਾਰ ਰੂਹਾਨੀ ਮਰਿਯਾਦਾ ਦੀ ਸਾਡੀ ਧਾਰਨਾ ਨੂੰ ਕਿਵੇਂ ਬਦਲਦਾ ਹੈ, ਜੋ ਬਾਹਰੀ ਆਡੰਬਰਾਂ ਦੀ ਬਜਾਏ ਅੰਦਰੂਨੀ ਹਸਤੀ 'ਤੇ ਕੇਂਦਰਿਤ ਹੈ?

੩. ਸ੍ਰਿਸ਼ਟੀ ਅਤੇ ਵਿਨਾਸ਼ ਦੇ ਸੰਬੰਧ ਵਿੱਚ ਗੁਰੂ ਨਾਨਕ ਦੀ ਦਾਰਸ਼ਨਿਕ ਸਥਿਤੀ ਕੀ ਹੈ? ਇਹ ਐਪੀਸੋਡ ਗੁਰੂ ਨਾਨਕ ਦੇ ਅਨੁਭਵੀ ਗਿਆਨ ਨੂੰ ਪੇਸ਼ ਕਰਦਾ ਹੈ ਕਿ ਜਿਸ ਸਰੋਤ ਤੋਂ ਅਸੀਂ ਉਤਪੰਨ ਹੁੰਦੇ ਹਾਂ, ਅੰਤ ਉਸੇ ਵਿਚ ਹੀ ਲੀਨ ਹੋ ਜਾਂਦੇ ਹਾਂ। ਸ੍ਰਿਸ਼ਟੀ ਦੇ ਹਰੇਕ ਤੱਤ ਵਿਚ ਸਚ ਸਮਾਇਆ ਹੋਇਆ ਹੈ। ਬ੍ਰਿਤਾਂਤਕਾਰ ਦੱਸਦਾ ਹੈ ਕਿ ਹੋਂਦ ਦਾ ਅਧਾਰ ਦਵੈਤ ਚੱਕਰ ਸਵੀਕਾਰ ਕਰਨ ਅਤੇ ਇਸ ਨਾਲ ਭਾਗੀਦਾਰ ਬਣਨ ਵਿਚ ਨਹਿਤ ਹੈ। ਵਿਨਾਸ਼ ਵਿਚ ਨਵ-ਸਿਰਜਨਾ ਸਮੋਈ ਹੁੰਦੀ ਹੈ ਦੂਜੇ ਪਾਸੇ ਵੀ ਇਹੀ ਸਚ ਵਿਦਮਾਨ ਹੈ। ਬਾਅਦ ਵਿਚ, ਹਿੰਦੂ ਤ੍ਰਿਮੂਰਤੀ ਦੀ ਸੰਕਲਪਨਾ 'ਤੇ ਚਰਚਾ ਕਰਦੇ ਹੋਏ, ਦਸਤਾਵੇਜ਼ੀ ਦੇ ਇਸ ਭਾਗ ਵਿਚ ਦੱਸਿਆ ਹੋਇਆ ਹੈ ਕਿ ਗੁਰੂ ਨਾਨਕ ਨੇ 'ਓਅੰਕਾਰ' (ਸਰਵਵਿਆਪੀ ਸਿਰਹਨਹਾਰ ਸ਼ਕਤੀ) ਤੋਂ ਪਹਿਲਾਂ '੧' ਅੰਕ ਲਾਇਆ, ਜਿਸ ਨਾਲ ਇਕ ਅਖੰਡ ਸ਼ਕਤੀ ਦੀ ਪ੍ਰਤੀਨਿਧਿਤਾ ਕੀਤੀ ਗਈ ਜੋ ਸ੍ਰਿਸ਼ਟੀ ਨੂੰ

ਸਿਰਜਦੀ, ਪਾਲਦੀ ਅਤੇ ਸੰਘਾਰਦੀ ਹੈ। ਇਸ ਉਪਰ ਉਹ ਬਾਣੀ ਰਾਹੀਂ ਮੋਹਰ ਲਗਾਉਂਦੇ ਹਨ ਕਿ ਸਰਵਵਿਆਪੀ ਸ਼ਕਤੀ ਹੀ ਹਕੀਕਤ ਹੈ; ਇਸ ਤੋਂ ਬਾਹਰ ਕੋਈ ਹੋਰ ਸਚ ਨਹੀਂ। ਜੋ ਸ੍ਰਿਸ਼ਟੀ ਨੂੰ ਸਿਰਜਦਾ ਹੈ, ਉਹੀ ਇਸ ਨੂੰ ਖਤਮ ਵੀ ਕਰਦਾ ਹੈ। ਸਿਰਜਨ ਅਤੇ ਵਿਨਾਸ਼ ਨੂੰ ਇਕੀਕ੍ਰਿਤ ਪ੍ਰਕਿਰਿਆਵਾਂ ਵਜੋਂ ਦੇਖਣ ਦੀ ਇਹ ਦਾਰਸ਼ਨਿਕ ਸੂਝ ਗੁਰੂ ਨਾਨਕ ਦੀ ਵਿਸ਼ਾਲ 'ਏਕਤਾ' ਦੀ ਧਾਰਨਾ ਨੂੰ ਕਿਵੇਂ ਦਰਸਾਉਂਦੀ ਹੈ?

੪. ਤਿੰਨ ਗੁਣਾਂ ਅਤੇ 'ਤੁਰੀਆ' ਬਾਰੇ ਗੁਰੂ ਨਾਨਕ ਦੀ ਵਿਆਖਿਆ ਉਨ੍ਹਾਂ ਦੀ ਦਾਰਸ਼ਨਿਕ ਦ੍ਰਿਸ਼ਟੀ ਨੂੰ ਕਿਵੇਂ ਉਜਾਗਰ ਕਰਦੀ ਹੈ?
ਇਹ ਐਪੀਸੋਡ ਦੱਸਦਾ ਹੈ ਕਿ ਭਾਰਤੀ ਦਰਸ਼ਨ ਅਨੁਸਾਰ, 'ਤਮੋ', 'ਰਜੋ' ਅਤੇ 'ਸਤੋ' – ਇਹ ਤਿੰਨ ਗੁਣ ਸ੍ਰਿਸ਼ਟੀ ਦੇ ਸਾਰੇ ਤੱਤਾਂ ਵਿਚ ਵਿਆਪਕ ਹਨ। 'ਤਮੋ' ਨਿਸ਼ਕ੍ਰਿਰਿਆ, 'ਰਜੋ' ਸਕ੍ਰਿਰਿਆ ਅਤੇ 'ਸਤੋ' ਸੰਤੁਲਨ ਹੈ। ਗੁਰੂ ਨਾਨਕ ਜੀਵ ਨੂੰ ਚੌਥੇ ਪੜਾਅ 'ਤੁਰੀਆ' ਪਦ ਤੱਕ ਪਹੁੰਚਣ ਲਈ ਪ੍ਰੇਰਿਤ ਕਰਦੇ ਹਨ, ਜਿੱਥੇ ਦਵੈਤ ਨੂੰ ਛੱਡ ਕੇ 'ਏਕਤਾ' ਦਾ ਅਨੁਭਵ ਕੀਤਾ ਜਾਂਦਾ ਹੈ। ਇਸ ਨੂੰ ਉਨ੍ਹਾਂ ਦੇ ਸ਼ਬਦ ਰਾਹੀਂ ਸਪੱਸ਼ਟ ਕੀਤਾ ਗਿਆ ਹੈ ਕਿ ਹੋਂਦ ਤਿੰਨ ਅਵਸਥਾਵਾਂ ਰਾਹੀਂ ਪ੍ਰਗਟ ਹੁੰਦੀ ਹੈ; ਚੌਥੀ ਅਵਸਥਾ ਵਿਚ ਚੇਤਨਾ ਸਥਿਤ ਹੁੰਦੀ ਹੈ। ਇਹ ਜਨਮ ਅਤੇ ਮੌਤ ਨੂੰ ਇਕੋ ਜਿਹਾ ਸਵੀਕਾਰ ਕਰਦੀ ਹੈ। ਇਹ ਦਾਰਸ਼ਨਿਕ ਢਾਂਚਾ ਰੂਹਾਨੀ ਵਿਕਾਸ ਅਤੇ ਦਵੈਤਵਾਦੀ ਸੋਚ ਤੋਂ ਪਾਰ ਜਾਣ ਦੀ ਪ੍ਰਕਿਰਿਆ ਨੂੰ ਸਮਝਣ ਲਈ ਕਿਵੇਂ ਮਾਰਗਦਰਸ਼ਨ ਕਰਦਾ ਹੈ?

੫. ਮਿੱਠੇ ਅਤੇ ਕੌੜੇ ਰੀਠੇ ਰੁੱਖ ਦੀ ਉਪਮਾ ਗੁਰੂ ਨਾਨਕ ਦੇ ਦਵੈਤ ਨੂੰ ਸਵੀਕਾਰ ਕਰਨ ਦੇ ਤਰਕ ਨੂੰ ਕਲਾਵੇ ਵਿਚ ਕਿਵੇਂ ਲੈਂਦੀ ਹੈ?
ਇਸ ਐਪੀਸੋਡ ਵਿਚ ਵਰਣਨ ਕੀਤਾ ਗਿਆ ਹੈ ਕਿ ਰੀਠਾ ਸਾਹਿਬ ਵਿਖੇ, ਗੁਰੂ ਨਾਨਕ ਇਕ 'ਰੀਠੇ' ਦੇ ਰੁੱਖ ਹੇਠ ਅਰਾਮ ਕਰ ਰਹੇ ਸਨ, ਜਿਸ ਦੀਆਂ ਟਾਹਣੀਆਂ 'ਤੇ ਮਿੱਠੇ ਅਤੇ ਕੌੜੇ ਦੋਨੋਂ ਕਿਸਮ ਦੇ ਫਲ ਲੱਗੇ ਹੋਏ ਸਨ। ਸੰਨਿਆਸੀ ਭਾਈਚਾਰੇ ਦੀ ਵੈਰਭਾਵਨਾ ਦੇ ਉੱਤਰ ਵਿਚ, ਇਸ ਰੁੱਖ ਦੀ ਉਦਾਹਰਨ ਰਾਹੀਂ ਗੁਰੂ ਨਾਨਕ ਨੇ ਸਮਝਾਇਆ ਕਿ ਸ੍ਰਿਸ਼ਟੀ ਦੇ ਹਰੇਕ ਤੱਤ ਵਿਚ ਸਕਾਰਾਤਮਕ ਅਤੇ ਨਕਾਰਾਤਮਕ, ਮਿਠਾਸ ਅਤੇ ਕੌੜਾਪਨ ਦੋਨੋ ਹੁੰਦੇ ਹਨ, ਜਿਸ ਨੂੰ ਸਿਰਜਣਹਾਰ ਨੇ ਇਸ ਲਈ ਸਾਜਿਆ ਹੈ ਤਾਂ ਜੋ ਵਿਅਕਤੀ ਆਪਣੇ ਵਿਚਾਰਾਂ ਅਤੇ ਕਰਮਾਂ ਨੂੰ

ਸ਼ੁੱਧ ਕਰਨਾ ਸਿੱਖ ਸਕੇ।

ਬ੍ਰਿਤਾਂਤਕਾਰ ਅੱਗੇ ਦੱਸਦਾ ਹੈ ਕਿ ਕਿਸੇ ਵੀ ਪਰੀਸਥਿਤੀ ਦੀ ਮਹੱਤਤਾ ਇਸ ‘ਤੇ ਨਿਰਭਰ ਕਰਦੀ ਹੈ ਕਿ ਅਸੀਂ ਉਸ ਨੂੰ ਕਿਵੇਂ ਦੇਖਦੇ ਹਾਂ। ਜਦੋਂ ਉਸ ਨੂੰ ਸਵੀਕਾਰ ਕੀਤਾ ਜਾਂਦਾ ਹੈ, ਤਾਂ ਉਹ ਪ੍ਰੀਤਮ ਵਾਂਗ ਸਕਾਰਾਤਮਕ ਹੋ ਜਾਂਦੀ ਹੈ। ਜਦੋਂ ਉਸ ਨੂੰ ਅਸਵੀਕਾਰ ਕੀਤਾ ਜਾਂਦਾ ਹੈ, ਤਾਂ ਉਹ ਵੈਰੀ ਵਾਂਗ ਵਿਰੋਧੀ ਬਣ ਜਾਂਦੀ ਹੈ। ਇਹ ਕੁਦਰਤੀ ਉਪਮਾ ਗੁਰੂ ਨਾਨਕ ਦੀ ਉਸ ਵਿਚਾਰਧਾਰਾ ਨੂੰ ਕਿਵੇਂ ਦਰਸਾਉਂਦੀ ਹੈ, ਜਿਸ ਵਿਚ ਉਹ ਜ਼ਿੰਦਗੀ ਦੇ ਸਭ ਪਹਿਲੂਆਂ - ਸੁਖ ਅਤੇ ਦੁਖ- ਨੂੰ ਅਪਨਾਉਣ ਅਤੇ ਉਨ੍ਹਾਂ ਤੋਂ ਸਿੱਖਣ ‘ਤੇ ਜ਼ੋਰ ਦਿੰਦੇ ਹਨ?

੬. ਤੀਰਥਯਾਤਰਾ ਅਤੇ ਕਰਮ ਕਾਂਡੀ ਰਸਮਾਂ ਰਾਹੀਂ ਖਿਮਾ ਜਾਚਨਾ ਕਰਨ ਦੀ ਬਾਰੇ ਗੁਰੂ ਨਾਨਕ ਦੀ ਦਾਰਸ਼ਨਿਕ ਆਲੋਚਨਾ ਕੀ ਹੈ?

ਕੇਦਾਰਨਾਥ ਵਿਖੇ, ਜੋ ਇੱਕ ਅਜਿਹਾ ਸਥਾਨ ਹੈ ਜਿੱਥੇ ਯਾਤਰੀ ਵੱਡੀ ਤਪੱਸਿਆ ਰਾਹੀਂ ਪਸ਼ਚਾਤਾਪ ਪ੍ਰਾਪਤ ਕਰਨ ਅਤੇ ਆਤਮ ਗਿਆਨ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ, ਇਸ ਐਪੀਸੋਡ ਵਿਚ ਇਹ ਪ੍ਰਸ਼ਨ ਉਠਾਇਆ ਗਿਆ ਹੈ ਕੀ ਸਿਰਫ਼ ਤੀਰਥ ਸਥਾਨਾਂ ਦੀ ਯਾਤਰਾ ਕਰਨ ਨਾਲ ਹੀ ਖਿਮਾ ਜਾਚਨਾ ਪ੍ਰਾਪਤ ਕੀਤੀ ਜਾ ਸਕਦੀ ਹੈ? ਗੁਰੂ ਨਾਨਕ ਦਾ ਉੱਤਰ ਹੈ ਕਿ ਸਾਡੇ ਕਰਮਾਂ ਦੇ ਨਤੀਜੇ ਨਿਸ਼ਚਿਤ ਹੁੰਦੇ ਹਨ। ਜੋ ਬੀਜੋ ਉਹ ਵਢਣਾ ਪੈਂਦਾ ਹੈ। ਇਹ ਭਾਗ ਸਪੱਸ਼ਟ ਕਰਦਾ ਹੈ ਕਿ ਸਾਡੇ ਇਰਾਦੇ ਹੀ ਸਕਾਰਾਤਮਕ ਜਾਂ ਨਕਾਰਾਤਮਕ ਨਤੀਜੇ ਪੈਦਾ ਕਰਦੇ ਹਨ। ਗੁਰੂ ਨਾਨਕ ਆਖਦੇ ਹਨ ਕਿ ਜਿਵੇਂ ਅਸੀਂ ਆਪਣੇ ਕਰਮਾਂ ਦਾ ਫਲ ਭੋਗਦੇ ਹਾਂ, ਉਸੇ ਤਰ੍ਹਾਂ ਖਿਮਾ ਵੀ ਅੰਦਰੂਨੀ ਯਤਨਾਂ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ, ਹਰਿਦੁਆਰ ਵਿਚ, ਉਨ੍ਹਾਂ ਨੇ ਪੂਰਵਜਾਂ ਨੂੰ ਜਲ ਅਰਪਣ ਕਰਨ ਦੀ ਪ੍ਰਥਾ ਨੂੰ ਚੁਣੌਤੀ ਦਿੰਦਿਆਂ ਉਦੇਸ਼ਹੀਨ ਕਰਮਕਾਂਡਾਂ ਦੀ ਵਿਅਰਥਤਾ ਦੀ ਆਲੋਚਨਾ ਕੀਤੀ ਸੀ। ਇਹ ਦਾਰਸ਼ਨਿਕ ਦ੍ਰਿਸ਼ਟੀ ਰੂਹਾਨੀ ਸ਼ੁੱਧੀਕਰਨ ਨੂੰ ਬਾਹਰੀ ਕਰਮ-ਕਾਂਡ ਦੀ ਧਾਰਨਾ ਤੋਂ ਅੰਦਰੂਨੀ ਪਰਿਵਰਤਨ ਵਲ ਕਿਵੇਂ ਬਦਲਦੀ ਹੈ?

੭. ਗੁਰੂ ਨਾਨਕ ਦਾ ਜੋਗੀਆਂ ਨੂੰ ਆਪਣੇ ਗੁਰੂ ਬਾਬਤ ਦਿੱਤਾ ਗਿਆ ਉੱਤਰ ਉਨ੍ਹਾਂ ਦੇ ਦੈਵੀ ਮਾਰਗਦਰਸ਼ਨ ਦੀ ਸੂਝ ਨੂੰ ਕਿਵੇਂ ਦਰਸਾਉਂਦਾ ਹੈ?

ਜਦੋਂ ਜੋਗੀਆਂ ਨੇ ਗੁਰੂ ਨਾਨਕ ਤੋਂ ਉਨ੍ਹਾਂ ਦੇ ਧਰਮ ਅਤੇ ਰੂਹਾਨੀ ਗੁਰੂ ਬਾਰੇ ਪੁੱਛਿਆ, ਤਾਂ ਉਨ੍ਹਾਂ ਨੇ ਉੱਤਰ ਦਿੱਤਾ ਕਿ ਮਾਨਵਤਾ ਮੇਰਾ ਧਰਮ ਹੈ ਅਤੇ ਮੈਂ ਦੋਸ਼ ਰਹਿਤ ਸਰਵਵਿਆਪੀ ਸਤਾ ਤੋਂ

ਸਿੱਖਦਾ ਹਾਂ। ਉਹ ਅੱਗੇ ਆਖਦੇ ਹਨ ਕਿ ਮੈਂ ਕਿਸ ਤੱਕੜੀ, ਕਿਸ ਵੱਟੇ ਅਤੇ ਕਿਸ ਤੋਲਣਹਾਰ ਨੂੰ ਬੁਲਾਵਾਂ?

ਮੈਂ ਕਿਸ ਗੁਰੂ ਤੋਂ ਮਾਰਗਦਰਸ਼ਨ ਲਵਾਂ ਅਤੇ ਆਪਣੀ ਕੀਮਤ ਮਾਪਾਂ? ਹੇ ਮੇਰੇ ਪ੍ਰੀਤਮ, ਮੈਂ ਤੁਹਾਡੀਆਂ ਸੀਮਾਵਾਂ ਤੋਂ ਅਣਜਾਣ ਹਾਂ। ਤੁਸੀਂ ਜਲ, ਥਲ ਅਤੇ ਆਕਾਸ਼ ਵਿਚ ਸਥਿਤ ਹੋ। ਤੁਸੀਂ ਖੁਦ ਹੀ ਸਰਵਵਿਆਪੀ ਹੋ। ਇਸ ਭਾਗ ਵਿਚ ਗੁਰੂ ਨਾਨਕ ਨਿਹਾਰਦੇ ਹਨ ਕਿ ਕੋਈ ਵੀ ਸਰਵਵਿਆਪੀ ਸ਼ਕਤੀ ਦੀ ਵਿਸ਼ਾਲਤਾ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦਾ। ਰੂਹਾਨੀ ਮਾਰਗਦਰਸ਼ਨ ਬਾਰੇ ਇਹ ਦਾਰਸ਼ਨਿਕ ਸਥਿਤੀ ਧਾਰਮਿਕ ਦੀਖਿਆ ਅਤੇ ਰੂਹਾਨੀ ਗਿਆਨ ਨਾਲ ਸੰਬੰਧਿਤ ਦਰਜਾਬੰਦੀ ਸੰਚਾਰ ਦੀਆਂ ਰਵਾਇਤੀ ਧਾਰਨਾਵਾਂ ਨੂੰ ਕਿਵੇਂ ਚੁਣੌਤੀ ਦਿੰਦੀ ਹੈ?

੮. ਗਿਆਨ ਨੂੰ ਪ੍ਰਦਸ਼ਿਤ ਕਰਨ ਬਨਾਮ ਸਾਂਝਾ ਕਰਨ ‘ਤੇ ਗੁਰੂ ਨਾਨਕ ਦੀ ਦਾਰਸ਼ਨਿਕ ਸਥਿਤੀ ਕੀ ਹੈ?

ਰੀਠਾ ਸਾਹਿਬ ਵਿਖੇ, ਨਾਥ ਜੋਗੀਆਂ ਦੇ ਵਿਰੋਧ ਦਾ ਸਾਹਮਣਾ ਕਰਨ ਤੋਂ ਬਾਅਦ, ਗੁਰੂ ਨਾਨਕ ਨੇ ਸੰਨਿਆਸੀਆਂ ਨੂੰ ਇਹ ਉਪਦੇਸ਼ ਦਿੱਤਾ ਕਿ ਗਿਆਨ ਫਲਦਾਈ ਹੁੰਦਾ ਹੈ। ਇਹ ਉਦੋਂ ਵਧਦਾ ਹੈ ਜਦੋਂ ਇਸ ਨੂੰ ਸਾਂਝਾ ਕੀਤਾ ਜਾਂਦਾ ਹੈ, ਪਰ ਵੇਖਾਵੇ ਨਾਲ ਇਹ ਘਟ ਜਾਂਦਾ ਹੈ। ਇਸ ਸਿੱਖਿਆਤਮਕ ਉਪਦੇਸ਼ ਦੇ ਨਤੀਜੇ ਵਜੋਂ ਸੰਨਿਆਸੀਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨਾਲ ਸੰਵਾਦ ਰਚਾਇਆ। ਗਿਆਨ ਅਤੇ ਬੁੱਧੀ ਸੰਬੰਧੀ ਇਹ ਸਿਧਾਂਤ ਉਸ ਧਾਰਨਾ ਨੂੰ ਕਿਵੇਂ ਚੁਣੌਤੀ ਦਿੰਦਾ ਹੈ ਜਿਸ ਅਨੁਸਾਰ ਸਿਰਫ ਕੁਝ ਹੀ ਵਿਅਕਤੀ ਦਾਰਸ਼ਨਿਕ ਅੰਤਰਦ੍ਰਿਸ਼ਟੀ ਪ੍ਰਾਪਤ ਕਰ ਸਕਦੇ ਹਨ, ਅਤੇ ਇਹ ਗੁਰੂ ਨਾਨਕ ਦੀ ਉਸ ਮਾਨਤਾ ਦਾ ਸਮਰਥਨ ਕਿਵੇਂ ਕਰਦਾ ਹੈ ਜਿਸ ਵਿਚ ਹਰ ਵਿਅਕਤੀ ਅੰਦਰ ਰੂਹਾਨੀ ਗਿਆਨ ਪ੍ਰਾਪਤ ਕਰਨ ਦੀ ਸਮਰਥਾ ਹੁੰਦੀ ਹੈ?